ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੫ ਜੇਠ ਸੰਨ ੨੦੨੬ Sunday, 07 June, 2026

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਜੂਨ 1984 ਦਾ ਸਾਕਾ: ਆਜ਼ਾਦ ਭਾਰਤ ਦਾ ਸਿੱਖ ਕੌਮ ਨੂੰ 'ਤੋਹਫ਼ਾ'



-ਨਿਰਵੈਰ ਸਿੰਘ ਅਰਸ਼ੀ

........ਸੇਵਾ, ਸਿਮਰਨ, ਦਇਆ, ਖਿਮਾਂ, ਪਰਉਪਕਾਰ ਤੇ ਕੁਰਬਾਨੀ ਆਦਿਕ ਸ਼ੁਭਗੁਣਾਂ ਤੇ ਜ਼ਜ਼ਬਿਆਂ ਨਾਲ ਭਰਪੂਰ ਬਹਾਦਰ ਸਿੱਖ ਕੌਮ, ਜਿਸ ਦੀ ਬੁਨਿਆਦ 'ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ' ਫ਼ੁਰਮਾਉਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਸੰਪੂਰਨਤਾ 'ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੌਂ" ਦੀ ਜਾਚ ਸਿਖਾਉਣ ਵਾਲੇ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ੀ, ਨੇ ਸੱਚ, ਧਰਮ ਤੇ ਮਨੁੱਖਤਾ ਦੀ ਰਾਖੀ, ਕੌਮੀ ਅਣਖ ਤੇ ਸਵੈਮਾਨ ਦੀ ਬਹਾਲੀ ਅਤੇ ਦੇਸ਼ ਦੀ ਖੁਸ਼ਹਾਲੀ ਲਈ ਹਮੇਸ਼ਾ ਮੋਹਰੀ ਹੋ ਕੇ ਆਪਣੀ ਭੂਮਿਕਾ ਨਿਭਾਈ ਹੈ।ਹਿੰਦੁਸਤਾਨ ਦੀ ਆਜ਼ਾਦੀ ਦੇ ਘੋਲ ਦੌਰਾਨ ਵੱਖ-ਵੱਖ ਕੇਸਾਂ ਵਿਚ ਫਾਂਸੀ ਲੱਗਣ ਵਾਲੇ, ਜਲਾਵਤਨੀ ਅਤੇ ਕਾਲੇ ਪਾਣੀਆਂ ਦੇ ਘੋਰ ਤਸੀਹੇ ਝੱਲਣ ਵਾਲੇ, ਜ਼ਮੀਨਾਂ-ਜਾਇਦਾਦਾਂ ਕੁਰਕ ਕਰਾਉਣ ਵਾਲੇ, ਉਮਰ ਕੈਦਾਂ ਤੇ ਚੱਕੀ-ਬੰਦ ਹੋਣ ਦੀਆਂ ਯਾਤਨਾਵਾਂ ਹੰਢਾਉਣ ਵਾਲੇ ਜਾਂ ਅੰਡਰ-ਗਰਾਊਂਡ ਰਹਿ ਕੇ ਕੌਮੀ ਅੰਦੋਲਨ ਨੂੰ ਜਥੇਬੰਦ ਕਰਨ ਤੇ ਸਫ਼ਲ ਬਣਾਉਣ ਵਾਲੇ ਵੀ ਵਧੇਰੇ ਕਰਕੇ ਬਹਾਦਰ ਸਿੱਖ ਯੋਧੇ ਹੀ ਸਨ, ਜਿਨ੍ਹਾਂ ਦੀਦਿਲੀ-ਅਭਿਲਾਖਾ ਇਹੋ ਹੋਇਆ ਕਰਦੀ ਸੀ-'ਇਲਾਹੀ ਵੋਹ ਭੀ ਦਿਨ ਹੋਗਾ, ਜਬ ਅਪਨਾ ਰਾਜ ਦੇਖੇਂਗੇ। ਜਬ ਅਪਨੀ ਹੀ ਜ਼ਿਮੀਂ ਹੋਗੀ, ਔਰ ਅਪਨਾ ਆਸਮਾਂ ਹੋਗਾ।'ਆਖਰ ਉਹ ਦਿਨ ਵੀ ਆਇਆ ਜਦੋਂ ਉਹ ਵਿਸ਼ਾਲ ਤੇ ਸ਼ਕਤੀਸ਼ਾਲੀ ਅੰਗਰੇਜ਼ ਸਾਮਰਾਜ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਸ ਦਾ ਸੂਰਜ ਕਦੇ ਨਹੀਂ ਡੁੱਬਦਾ, ਨੂੰ ਵੀ ਆਪਣਾ ਬੋਰੀਆ-ਬਿਸਤਰ ਗੋਲ ਕਰਕੇ, ਵਾਪਸ ਆਪਣੇ ਦੇਸ਼ ਪਰਤਣ ਲਈ ਮਜਬੂਰ ਹੋਣਾ ਪਿਆ। ਯਾਦ ਰਹੇ ਕਿ ਦੇਸ਼ ਨੂੰ ਆਜ਼ਾਦੀ ਕਿਸੇ ਡਾਂਡੀ ਮਾਰਚ ਜਾਂ ਚਰਖੇ ਦੀ ਘੂਕਰ ਕਰਕੇ ਨਹੀਂ, ਬਲਕਿ ਸ਼ੇਰ-ਦਿਲ ਕੌਮੀ ਪਰਵਾਨਿਆਂ ਦੇ ਨਿਰੰਤਰ ਸੰਘਰਸ਼ ਅਤੇ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦੀ ਬਦੌਲਤ ਮਿਲ ਸਕੀ ਹੈ, ਜਿਸ ਵਿਚ ਗ਼ਦਰੀ ਬਾਬਿਆਂ, ਗੁਰਦੁਆਰਾ ਸੁਧਾਰ ਲਹਿਰ ਦੇ ਸ਼ਹੀਦਾਂ, ਆਜ਼ਾਦ ਹਿੰਦ ਫੌਜ ਅਤੇ ਵੱਖ-ਵੱਖ ਅੰਦੋਲਨਾਂ ਤੇ ਐਕਸ਼ਨਾਂ ਦਾ ਵੀ ਭਰਵਾਂ ਯੋਗਦਾਨ ਰਿਹਾ।ਸਮੂਹ ਇਤਿਹਾਸ ਦੇ ਪੰਨੇ ਇਸ ਤੱਥ ਦੀ ਗਵਾਹੀ ਭਰਦੇ ਹਨ ਕਿ ਦੇਸ਼ ਦੇ ਸੁਤੰਤਰਤਾ-ਸੰਗਰਾਮ ਦੌਰਾਨ ਸਭ ਤੋਂ ਵਧੇਰੇ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ। ਇਸ ਦੇ ਨਾਲ ਹੀ ਇਸ ਸਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ 'ਕਥਿਤ' ਆਜ਼ਾਦੀ ਮਿਲਣ ਉਪਰੰਤ ਸਭ ਤੋਂ ਵਧੇਰੇ ਸੰਤਾਪ ਵੀ ਬਹਾਦਰ ਤੇ ਦੇਸ਼ ਭਗਤ ਸਿੱਖ ਕੌਮ ਨੇ ਹੀ ਹੰਢਾਇਆ ਹੈ। ਕਦੀ ਮੁਗ਼ਲਾਂ ਦੀ ਮਾਰ, ਕਦੀ ਮੰਨੂੰ ਦੇ ਸ਼ਿਕਾਰ, ਕਦੀ ਜ਼ਕਰੀਏ ਤੇ ਅਬਦਾਲੀ ਦੇ ਅੱਤਿਆਚਾਰ ਅਤੇ ਕਦੀ ਫਿਰੰਗੀ ਦੀ ਫਿਟਕਾਰ- ਸਿੱਖ ਕੌਮ ਮਨਸੂਰ ਵਾਂਗ ਇਹ ਸਭ ਕੁਝ ਖਿੜੇ ਮੱਥੇ ਬਰਦਾਸ਼ਤ ਕਰਦੀ ' ਰਹੀ, ਲੇਕਿਨ ਜਦੋਂ ਆਪਣਿਆਂ ਨੇ ਵੀ ਪ੍ਰੀਖਿਆ ਦੇ ਪਰਚੇ ਪਾਣੇ ਸ਼ੁਰੂ ਕੀਤੇ ਤਾਂ ਉਸ ਨੇ ਸ਼ਿਬਲੀ ਦੇ ਲੱਗੀ ਫੁੱਲ ਦੀ ਸੱਟ ਵਾਂਗ ਤੜਫਾ ਦਿੱਤਾ। ਕਿਤਨੇ ਕਹਿਰ ਦੀ ਗੱਲ ਹੈ ਕਿ ਸਿੱਖ ਕੌਮ ਜੋ ਆਜ਼ਾਦੀ ਦੇ ਘੋਲ ਵਿਚ ਹੱਸ-ਹੱਸ ਕੇ ਜੂਝੀ ਹੋਵੇ, ੧੯੪੭ ਦੇ ਬਟਵਾਰੇ ਸਮੇਂ ਹੋਏ ਖੂਨ-ਖਰਾਬੇ ਦੌਰਾਨ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਆਦਿ ਪਾਵਨ ਗੁਰਧਾਮਾਂ ਦਾ ਵਿਛੋੜਾ ਦਿਲ 'ਤੇ ਪੱਥਰ ਰੱਖ ਕੇ ਬਰਦਾਸ਼ਤ ਕੀਤਾ ਹੋਵੇ, ਸਾਕਾਂ-ਸਬੰਧੀਆਂ, ਦੇ ਖੂਨ ਨਾਲ ਦਰਿਆਵਾਂ ਦਾ ਪਾਣੀ ਲਾਲ ਸੂਹਾ ਰੰਗਿਆ ਗਿਆ ਹੋਵੇ, ਜ਼ਮੀਨਾਂ-ਜਾਇਦਾਦਾਂ ਦੇ ਮਾਲਕਾਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਭਿਖਾਰੀਆਂ ਵਾਂਗ ਦਿਨ ਕੱਟਣੇ ਪਏ ਹੋਣ, ਉਸ ਕੌਮ ਨੂੰ ਦਿੱਲੀ ਦੇ ਤਾਜਦਾਰਾਂ ਵੱਲੋਂ ਕਦੀ 'ਜਰਾਇਮ ਪੇਸ਼ਾ' ਕਰਾਰ ਦਿੱਤੇ ਜਾਣ ਦੇ ਫ਼ੁਰਮਾਨ ਜਾਰੀ ਹੋ ਜਾਣ ਅਤੇ ਕਦੀ ਅੱਤਵਾਦੀ, ਵੱਖਵਾਦੀ ਤੇ ਆਤੰਕਵਾਦੀ ਆਖ ਕੇ ਦੁਨੀਆਂ ਭਰ ਦੇ ਮੀਡੀਏ ਵਿਚ ਬਦਨਾਮ ਕੀਤਾ ਜਾਵੇ।ਇੰਜ ਪਰਤੀਤ ਦਿੰਦਾ ਹੈ ਕਿ ਆਜ਼ਾਦੀ ਦੇ ਅਸਲ ਵਾਰਸਾਂ ਨੂੰ ਕਿਸੇ ਘੜੀ-ਮਿਥੀ ਨੀਤੀ ਅਨੁਸਾਰ ਆਜ਼ਾਦੀ ਦਾ ਸੁਖ ਮਾਣਨ ਤੋਂ ਮਹਿਰੂਮ ਹੀ ਨਹੀਂ ਰੱਖਿਆ ਜਾ ਰਿਹਾ, ਸਗੋਂ ਗ਼ੁਲਾਮਾਂ ਅਤੇ ਦੋ ਨੰਬਰ ਦੇ ਸ਼ਹਿਰੀਆਂ ਵਾਂਗ ਜ਼ਿੰਦਗੀ ਜੀਊਣ ਲਈ -ਮਜਬੂਰ ਕੀਤਾ ਜਾ ਰਿਹਾ ਹੈ। ਵਰਨਾ ਕੀ ਕਾਰਨ ਹੈ ਕਿ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਬੋਲਦਾ ਸੂਬਾ ਬਣਾਉਣ ਦੀ ਹੱਕੀ ਮੰਗ ਮਨਵਾਉਣ ਲਈ ਵੀ ਕੌਮ ਨੂੰ ਸਾਲਾਂ ਬੱਧੀ ਮੋਰਚੇ ਲਾਉਣੇ ਪੈਣ ਅਤੇ ਜਦੋਂ ਐਲਾਨ ਹੋਵੇ ਤਾਂ ਪੰਜਾਬ ਨੂੰ ੧੯੪੭ ਵਾਂਗ ਹੀ ਦੁਬਾਰਾ ਕੱਟ/ਵੱਢ ਕੇ ਹਰਿਆਣਾ ਤੇ ਹਿਮਾਚਲ ਨਾਂ ਦੇ ਦੋ ਨਵੇਂ ਸੂਬੇ ਸਿਰਜ ਦਿੱਤੇ ਜਾਣ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਵੀ ਇਸ ਪਾਸੋਂ ਖੋਹ ਕੇ ਕੇਂਦਰੀ ਸ਼ਾਸਤ ਪ੍ਰਦੇਸ਼ (Union Territory) ਬਣਾ ਦਿੱਤਾ ਜਾਵੇ। ਇਸ ਬਾਂਦਰ-ਵੰਡ ਦੇ ਨਤੀਜੇ ਵਜੋਂ ਪੰਜਾਬੀਆਂ ਨੂੰ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਲਈ, ਦਰਿਆਈ ਪਾਣੀਆਂ ਦੀ ਸਹੀ ਵੰਡ ਕਰਨ ਲਈ, SYL (ਸਤਿਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ, ਪੰਜਾਬ ਵਿਚ ਪੰਜਾਬੀ: ਭਾਸ਼ਾ ਨੂੰ ਬਣਦਾ ਦਰਜਾ ਦੇਣ ਲਈ ਨਵੇਂ ਸਿਰਿਉਂ ਸੰਘਰਸ਼ ਕਰਨਾ ਪਿਆ, ਜਿਸ ਦੌਰਾਨ ਕੌਮ ਨੂੰ ਭਾਰੀ ਮਾਲੀ ਤੇ ਜਾਨੀ ਨੁਕਸਾਨ ਵੀ ਸਹਿਣਾ ਪਿਆ, ਲੇਕਿਨ ਪਰਨਾਲਾ ਅਜੇ ਵੀ ਉਥੇ ਦਾ ਉਥੇ ਹੀ ਹੈ।ਇਥੇ ਹੀ ਬੱਸ ਨਹੀਂ, ੧੯੮੦ ਦੇ ਕਰੀਬ ਜਦੋਂ ਕੌਮ ਨੇ ਕੁਝ ਚਿਰੋਕੀਆਂ ਲਟਕਦੀਆਂ ਜਾਇਜ਼ ਮੰਗਾਂ ਦੀ ਪੂਰਤੀ, ਜਿਸ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ ਹਰਦਵਾਰ ਤੇ ਕੁਰਖੇਤਰ ਵਾਂਗ ਪਵਿੱਤਰ ਨਗਰ (Holy City) ਕਰਾਰ ਦੇਣ ਦੀ ਮੰਗ ਵੀ ਸ਼ਾਮਲ ਸੀ, ਲਈ ਸ਼ਾਂਤਮਈ ਅੰਦੋਲਨ ਅਰੰਭਿਆ, ਜਿਸ ਨੂੰ ਬਾਅਦ ਵਿਚ 'ਧਰਮ ਯੁੱਧ ਮੋਰਚੇ' ਦਾ ਨਾਮ ਦੇ ਦਿੱਤਾ ਗਿਆ ਤਾਂ ਸਮੇਂ ਦੀ ਸਰਕਾਰ ਵੱਲੋਂ ਨਾਦਰਸ਼ਾਹੀ ਤੇ ਔਰੰਗਜ਼ੇਬੀ ਅੰਦਾਜ਼ ਵਿਚ ਇਸ ਨੂੰ ਕੁਚਲਣ ਦੇ ਤੌਰ-ਤਰੀਕੇ ਅਖ਼ਤਿਆਰ ਕੀਤੇ ਗਏ।ਪੰਜਾਬੀਆਂ ਦੇ ਦਿੱਲੀ ਵਿਚ ਦਾਖਲੇ 'ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਸਮੁੱਚੀ ਸਿੱਖ ਕੌਮ ਨੂੰ ਅਲੱਗਵਾਦੀ ਤੇ ਗ਼ੱਦਾਰ ਆਖ ਕੇ ਭੰਡਿਆ ਗਿਆ। ਇੰਡੋ-ਤਿਬਤੀਅਨ ਬਾਰਡਰ ਪੁਲੀਸ (ITBP) ਅਤੇ ਕੇਂਦਰੀ ਰੀਜ਼ਰਵ ਪੁਲੀਸ ਫੋਰਸ (CRPF) ਆਦਿ ਨੀਮ ਫੌਜੀ ਕੰਪਨੀਆਂ ਨੂੰ ਕੁਲ ਪ੍ਰਦੇਸ ਵਿਚ ਤੈਨਾਤ ਕਰ ਦਿੱਤਾ ਗਿਆ ਜੋ ਤਲਾਸ਼ੀਆਂ ਦੇ ਬਹਾਨੇ ਘਰਾਂ ਵਿਚ ਘੁਸ ਕੇ ਜਾਂ ਰਾਹ ਜਾਂਦਿਆਂ ਨੂੰ ਰੋਕ ਕੇ ਨਾਜ਼ਾਇਜ਼ ਤੰਗ ਕਰਨ ਲੱਗੀਆਂ, ਗੁਰੂ-ਘਰਾਂ ਵਿਚ ਦਰਸ਼ਨਾਂ ਲਈ ਆਉਣ ਵਾਲੇ ਯਾਤਰੂਆਂ ਨੂੰ ਪਰੇਸ਼ਾਨ ਕੀਤਾ ਜਾਣ ਲੱਗਾ। ਥਾਂ-ਥਾਂ ਪੁਲਿਸ ਮੁਕਾਬਲਿਆਂ ਦਾ ਕਹਿਰ ਵੀ ਵਾਪਰਨ ਲੱਗਾ ਅਤੇ ਇਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਥਾਣੇ ਆਦਿ ਬੁਲਾ ਕੇ ਭਾਰੀ ਜ਼ਲੀਲ ਕੀਤਾ ਜਾਂਦਾ। ਦਿੱਲੀ ਦੇ ਹਾਕਮਾਂ ਵੱਲੋਂ ਸਿੱਖ ਕੌਮ ਨੂੰ 'ਸਬਕ ਸਿਖਾਣ' ਅਤੇ 'ਨਾਨੀ ਯਾਦ ਕਰਾਣ' ਦੀਆਂ ਧਮਕੀਆਂ ਵੀ ਦਿੱਤੀਆਂ ਜਾਣ ਲੱਗੀਆਂ ਅਤੇ ਇਕ ਦਿਨ ਹਕੂਮਤ ਦਾ ਕਹਿਰ ਸਭ ਹੱਦਾਂ-ਬੰਨੇ ਪਾਰ ਕਰ ਗਿਆ। ਜੂਨ, ੧੯੯੪ ਦੇ ਪਹਿਲੇ ਹਫ਼ਤੇ ਜਦੋਂ ਕਿ ਸਿੱਖ ਸੰਗਤਾਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਸ਼ਹੀਦੀ ਗੁਰਪੁਰਬ ਮਨਾਉਣ ਲਈ ਹੁੰਮ-ਹੁੰਮਾ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਾਜ਼ਰੀਆਂ ਭਰ ਰਹੀਆਂ ਸਨ ਤਾਂ ਭਾਰਤੀ ਫੌਜ ਤੋਪਾਂ ਤੇ ਟੈਂਕ ਲੈ ਕੇ ਗੁਰੂ-ਘਰ 'ਤੇ ਆਣ ਚੜ੍ਹੀ ਅਤੇ ਸ਼ਹਾਦਤਾਂ ਦਾ ਦੌਰ ਆਰੰਭ ਹੋ ਗਿਆ। ਜਿਸ ਸੂਰਮਗਤੀ ਨਾਲ ਅੱਗੋਂ ਗੁਰੂ ਕੇ ਸਿੰਘਾਂ ਨੇ ਭਾਰਤੀ ਫੌਜ ਦਾ ਟਾਕਰਾ ਕੀਤਾ, ਉਹ ਵੀ ਆਪਣੀ ਮਿਸਾਲ ਆਪ ਹੈ। ਇਸ ਘੱਲੂਘਾਰੇ ਦੌਰਾਨ ਸੈਂਕੜੇ ਗੁਰੂ ਕੇ ਸਿੰਘ ਅਤੇ ਯਾਤਰੀ (ਜਿਨ੍ਹਾਂ ਵਿਚ ਬੀਬੀਆਂ, ਬਜ਼ੁਰਗ ਅਤੇ ਮਾਸੂਮ ਬੱਚੇ ਵੀ ਸ਼ਾਮਲ ਸਨ) ਸ਼ਹੀਦ ਹੋਏ।ਉਹ ਅੰਮ੍ਰਿਤ ਸਰੋਵਰ ਜਿਸ ਪ੍ਰਥਾਇ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਸੀ 'ਧਰਤ ਸੁਹਾਵੀ ਤਾਲ ਸੁਹਾਵਾ, ਵਿਚਿ ਅੰਮ੍ਰਿਤ ਜਲ ਛਾਇਆ ਰਾਮ' (੭੮੩) ਖੂਨ ਨਾਲ ਲਾਲੋ-ਲਾਲ ਹੋ ਗਿਆ। ਉਹ ਪਾਵਨ ਹਰਿਮੰਦਰ ਜਿਸ ਦੀ ਸਿਫ਼ਤ ਕਰਦਿਆਂ ਸਤਿਗੁਰੂ ਜੀ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ' (੧੩੬੨) ਉਚਾਰ ਰਹੇ ਹਨ, ਜਿਥੇ ਗੁਰਬਾਣੀ ਦਾ ਮਧੁਰ ਕੀਰਤਨ ਅਤੇ ਅਖੰਡ ਜਾਪ ਹੋਇਆ ਕਰਦਾ ਸੀ, ਦੀ ਇਕਾਗਰਤਾ ਤੋਪਾਂ ਤੇ ਟੈਂਕਾਂ ਦੀ ਗੜਗੜਾਹਟ ਨਾਲ ਭੰਗ ਹੋ ਗਈ ਅਤੇ 'ਮੀਰੀ' ਦਾ ਲਖਾਇਕ ਤੇ ਸਿੱਖ ਪੰਥ ਦਾ ਸ਼ਰੋਮਣੀ ਤਖ਼ਤ, ਜਿਸ ਦੀ ਉਸਾਰੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਦੇਖ-ਰੇਖ ਵਿਚ ਕਰਵਾਈ ਸੀ ਅਤੇ ਜਿਸ ਦੀ ਇਕ-ਇਕ ਇੱਟ ਸਾਧਾਰਨ ਕਾਰੀਗਰਾਂ ਨੇ ਨਹੀਂ, ਬਲਕਿ ਸਮੇਂ ਦੀਆਂ ਪੂਜਨੀਕ ਹਸਤੀਆਂ- ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ ਆਦਿਕ ਨੇ ਪਵਿੱਤਰ ਬਾਣੀ ਦਾ ਜਾਪ ਕਰਦਿਆਂ ਹੋਇਆਂ ਰੱਖੀ ਸੀ, ਜਿਸ ਨੂੰ ਇਸ ਦੇ ਬਾਨੀ ਨੇ 'ਕਦੀ ਨਾਸ ਨਾ ਹੋਣ ਵਾਲਾ', ਭਾਵ 'ਅਕਾਲ ਤਖ਼ਤ' ਕਿਹਾ ਸੀ ਅਤੇ ਜਿਸ ਵੱਲ ਅੱਖ ਚੁੱਕ ਕੇ ਤੱਕਣ ਦੀ ਜੁਰਅੱਤ ਔਰੰਗਜ਼ੇਬ, ਅਬਦਾਲੀ ਜਾਂ ਅੰਗਰੇਜ਼ਾਂ ਨੇ ਵੀ ਨਹੀਂ ਸੀ ਕੀਤੀ, ਤਾਈਂ 'ਆਪਣੀ' ਕਹੀ ਜਾਂਦੀ ਸਰਕਾਰ ਦੇ ਆਦੇਸ਼ਾਂ ਨਾਲ ਖੰਡਰ ਬਣਾ ਦਿੱਤਾ ਗਿਆ। ਉਹ ਪਵਿੱਤਰ ਤਖ਼ਤ, ਜਿਥੇ ਕਦੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਬਿਰਾਜਿਆ ਕਰਦੇ ਸਨ, ਤਾਈਂ ਫੌਜੀਆਂ ਦੇ ਬੱਟਾਂ ਅਤੇ ਬੂਟਾਂ ਨੇ ਰੌਂਦ ਕੇ ਰੱਖ ਦਿੱਤਾ। ਇਥੇ ਹੀ ਬੱਸ ਨਹੀਂ, ਕੇਂਦਰੀ ਸਿੱਖ ਅਜਾਇਬ ਘਰ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸਦੀਆਂ ਦੀ ਮਿਹਨਤ ਬਾਅਦ ਸੰਗ੍ਰਹਿਤ ਕੀਤਾ ਸਿੱਖ ਕੌਮ ਦਾ ਅਮੋਲਕ ਖ਼ਜ਼ਾਨਾ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੈਂਕੜੇ ਹੱਥ-ਲਿਖਤ ਸਰੂਪ, ਅਨੇਕਾਂ ਧਾਰਮਕ ਗ੍ਰੰਥ ਤੇ ਖਰੜੇ ਅਤੇ ਇਤਿਹਾਸਕ ਚਿੱਤਰ ਮੌਜੂਦ ਸਨ, ਜਾਣ-ਬੁੱਝ ਕੇ ਖੁਰਦ-ਬੁਰਦ ਕਰ ਦਿੱਤੇ ਗਏ ਅਤੇ ਕਾਫ਼ੀ ਕੀਮਤੀ ਖਜ਼ਾਨਾ ਜਲਾ ਕੇ ਰਾਖ ਕਰ ਦਿੱਤਾ ਗਿਆ।ਉਪਰੰਤ ਇਸੇ ਸਾਲ ਨਵੰਬਰ, ੮੪ ਵਿਚ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖ ਕੌਮ ਉੱਤੇ ਜੋ ਖੂਨੀ ਝੱਖੜ ਝੁੱਲਿਆ, ਉਸ ਨੇ ਤਾਂ ਬਿਦੇਸ਼ੀ ਹਮਲਾਵਰਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤਾ ਅਤੇ ਇਸ ਵਰਤਾਰੇ ਨੂੰ 'ਕੋਈ ਵੱਡਾ ਦਰਖ਼ਤ ਡਿੱਗਣ ਬਾਅਦ ਧਰਤੀ ਦੇ ਹਿੱਲਣ' ਨਾਲ ਜੋੜ ਕੇ ਸਾਰੇ ਕਹਿਰ ਨੂੰ ਇਕ ਸਾਧਾਰਨ ਅਮਲ ਦਰਸਾਉਣ ਦਾ ਕੋਝਾ ਯਤਨ ਵੀ ਕੀਤਾ ਗਿਆ। ਜੂਨ ਤੇ ਨਵੰਬਰ ੮੪ ਦੇ ਖੂਨੀ ਕਾਂਡਾਂ ਨੇ ਸਮੁੱਚੀ ਸਿੱਖ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ। ਇਥੋਂ ਤੀਕ ਕਿ ਧਰਮ ਯੁੱਧ ਮੋਰਚੇ ਦੇ ਕੱਟੜ ਵਿਰੋਧੀ ਅੰਤਰਰਾਸ਼ਟਰੀ ਖਿਆਤੀ ਪ੍ਰਾਪਤ ਪੱਤਰਕਾਰ ਤੇ ਇਤਿਹਾਸਕਾਰ ਸ. ਖੁਸ਼ਵੰਤ ਸਿੰਘ ਨੂੰ ਜਦੋਂ ਇਕ ਬਿਦੇਸ਼ੀ ਅੰਬੈਸੀ ਵਿਚ ਲੁਕ ਕੇ ਜਾਨ ਬਚਾਣੀ ਪਈ ਤਾਂ ਇਕ ਵਾਰੀ ਤਾਂ ਉਹ ਵੀ ਸਿੱਖ ਮੰਗਾਂ ਨਾਲ ਸਹਿਮਤ ਹੋ ਗਿਆ ਸੀ, ਲੇਕਿਨ ਬਾਅਦ ਵਿਚ ਫਿਰ ਸਭ ਕੁਝ ਭੁੱਲ ਭੁਲਾ ਗਿਆ। ਕੌਮ ਦਾ ਇਹ ਵੀ ਬੜਾ ਵੱਡਾ ਦੁਖਾਂਤ ਹੈ ਕਿ ਇਕ ਤਾਂ ਇਹ ਕੱਟੜ ਵਿਰੋਧੀਆਂ ਨੂੰ ਮੁਆਫ਼ ਕਰਨ ਵਿਚ ਬੜੀ ਦਲੇਰ ਹੈ, ਅਤੇ 'ਭਗਤ' ਜਿਹਾਂ ਨੂੰ ਗੁਰਦੁਆਰਿਆਂ ਵਿਚ ਸੱਦ ਕੇ ਸਿਰੋਪਾਉ ਵੀ ਦੇ ਦਿੰਦੀ ਹੈ, ਦੂਜੇ ਇਸ ਦੀ ਯਾਦਦਾਸ਼ਤ ਬੜੀ ਥੋੜ੍ਹ-ਚਿਰੀ ਹੈ, ਭਾਵ- ਇਹ ਸਭ ਦੁੱਖ ਅਤੇ ਸੰਤਾਪ ਭੁੱਲ ਵੀ ਬਹੁਤ ਜਲਦੀ ਜਾਂਦੀ ਹੈ। ੧੯੮੪ ਵਿਚ ਇਸ ਨਾਲ ਕੀ ਕੁਝ ਨਹੀਂ ਵਾਪਰਿਆ, ਪਰ ਅੱਜ ਕਈ ਵੇਰ ਇੰਜ ਲੱਗਦਾ ਹੈ ਕਿ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਫੌਜਾਂ ਘੱਲ ਕੇ ਗੁਰੂ-ਘਰ ਢਾਹੁਣ ਵਾਲੇ ਵੀ ਮੁਆਫ਼ ਅਤੇ ਉਸ ਸਮੇਂ ਖੁਸ਼ੀ ਵਿਚ ਭੰਗੜੇ ਪਾਉਣ ਅਤੇ ਮਠਿਆਈਆਂ ਵੰਡਣ ਵਾਲੇ ਵੀ ਮੁਆਫ਼। ਦੂਜੀਆਂ ਧਿਰਾਂ ਨੂੰ ਸਾਡੀਆਂ ਇਨ੍ਹਾਂ ਕਮਜ਼ੋਰੀਆਂ ਦਾ ਪੂਰਨ ਗਿਆਨ ਹੈ। ਇਸੇ ਲਈ ਜਦੋਂ ਪਾਕਿਸਤਾਨ ਜਾਂ ਚੀਨ ਨਾਲ ਦੇਸ਼ ਦੀ ਜੰਗ ਛਿੜਦੀ ਹੈ ਤਾਂ ਰਾਤ-ਦਿਨ ਰੇਡੀਓ ਅਤੇ ਟੀ. ਵੀ. ਉੱਤੇ 'ਦੇਹ ਸ਼ਿਵਾ ਬਰ ਮੋਹਿ ਇਹੈ' ਜਿਹੇ ਸ਼ਬਦ ਉੱਚੀ ਸੁਰ ਵਿਚ ਪੜ੍ਹੇ ਜਾਣੇ ਸ਼ੁਰੂ ਹੋ ਜਾਂਦੇ ਹਨ, ਇਨ੍ਹਾਂ ਨੂੰ ਵਡਿਆ ਤੇ ਉਕਸਾ ਕੇ ਮੈਦਾਨੇ-ਜੰਗ ਵਿਚ ਝੋਕ ਦਿੱਤਾ ਜਾਂਦਾ ਹੈ ਅਤੇ ਜੰਗ ਫ਼ਤਹ ਹੁੰਦੇ ਹੀ ਫਿਰ 'ਜਨ ਗਨ ਮਨ' ਸ਼ੁਰੂ ਹੋ ਜਾਂਦੀ ਹੈ।ਅਜਿਹਾ ਪਹਿਲਾਂ ਵੀ ਹੁੰਦਾ ਰਿਹਾ ਹੈ ਜਦੋਂ ਬਹਾਦਰ ਸਿੱਖ ਕੌਮ ਨੂੰ ਆਜ਼ਾਦੀ ਦੀ ਲੜਾਈ ਵਿਚ ਝੋਕਣਾ ਸੀ ਤਾਂ 'ਬਾਪੂ' ਗਾਂਧੀ ਤੇ 'ਚਾਚਾ' ਨਹਿਰੂ ਆਦਿ ਕੌਮੀ ਆਗੂ ਇਨ੍ਹਾਂ ਨੂੰ ਸਬਜ਼ਬਾਗ਼ ਵਿਖਾ-ਵਿਖਾ ਕੇ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕਰਦੇ ਨਹੀਂ ਸੀ ਥੱਕਦੇ। ਮਿਸਾਲ ਵਜੋਂ ਜਨਵਰੀ ੧੯੨੯ ਨੂੰ ਕਾਂਗਰਸ ਦੇ ਲਾਹੌਰ ਇਜਲਾਸ ਵਿਚ ਇਹ ਮਤਾ ਪਾਸ ਕੀਤਾ ਗਿਆ ਸੀ- "ਕਾਂਗਰਸ ਪਾਰਟੀ ਸਿੱਖ ਕੌਮ ਨੂੰ ਪੱਕਾ ਭਰੋਸਾ ਦਿਵਾਉਂਦੀ ਹੈ ਕਿ ਆਜ਼ਾਦ ਭਾਰਤ ਦਾ ਕੋਈ ਵੀ ਸੰਵਿਧਾਨ ਐਸਾ ਨਹੀਂ ਬਣਾਇਆ ਜਾਵੇਗਾ, ਜੋ ਕਿ ਇਸ ਨੂੰ ਪਰਵਾਨ ਨਹੀਂ ਹੋਵੇਗਾ।"੬ ਜੁਲਾਈ ੧੯੪੬ ਨੂੰ ਕਲਕੱਤਾ ਕਾਨਫਰੰਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਇਹ ਸ਼ਬਦ ਕਹੇ ਸਨ- "ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਮਹਾਨਤਾ ਦੀ ਧਾਰਨੀ ਹੈ।

ਬਾਕੀ ਸਫ਼ਾ 2 'ਤੇ

# ਲਹੂ ਦੇ ਨਕਸ਼ ਜੂਨ 84, ਵਕਤ ਦੀ ਪੈੜ ਅਤੇ ਸਿੱਖ ਚਿੰਤਨ ਦਾ ਭਵਿੱਖ



. 1984 ਦਾ ਜੂਨ ਮਹੀਨਾ ਸਿੱਖ ਮਾਨਸਿਕਤਾ ਦੇ ਪਿੰਡੇ 'ਤੇ ਇੱਕ ਅਜਿਹਾ ਡੂੰਘਾ ਜ਼ਖ਼ਮ ਹੈ, ਜਿਸ ਦੀ ਚੀਸ ਹਰ ਸਾਲ ਲਹੂ ਵਾਂਗ ਟਪਕਦੀ ਹੈ। ਘੱਲੂਘਾਰੇ ਦੀ ਬਰਸੀ ਆਉਂਦੀ ਹੈ, ਦਰਬਾਰ ਸਾਹਿਬ ਦੀਆਂ ਪਰਿਕਰਮਾਵਾਂ ਵਿੱਚ ਖਾਲਿਸਤਾਨ ਦੇ ਅਕਾਸ਼-ਗੁੰਜਾਊ ਨਾਅਰੇ ਲਗਦੇ ਹਨ, ਗਰਮੋ-ਗਰਮ ਤਕਰੀਰਾਂ ਦੇ ਨਾਲ ਮਾਹੌਲ ਭਖਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਸ ਵਰਤਾਰੇ ਨਾਲ ਕੌਮ ਦੀ ਭਵਿੱਖੀ ਤਕਦੀਰ ਦਾ ਕੋਈ ਠੋਸ ਨਕਸ਼ ਉੱਘੜ ਰਿਹਾ ਹੈ? ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਘਿਸੇ-ਪਿਟੇ, ਪੂਰਵ-ਨਿਰਧਾਰਿਤ ਸੰਦੇਸ਼ ਹਵਾ ਵਿੱਚ ਵਿਲੀਨ ਹੋ ਜਾਂਦੇ ਹਨ, ਤਾਂ ਅਖ਼ੀਰ ਨਿਰਾਸ਼ਾ ਅਤੇ ਖ਼ਾਲੀਪਨ ਸੰਗਤ ਦੇ ਪੱਲੇ ਪੈਂਦਾ ਹੈ।ਅਸੀਂ ਪਿਛਲੇ ਚਾਰ ਦਹਾਕਿਆਂ ਤੋਂ ਭਾਵੁਕਤਾ ਦੇ ਜਵਾਲਾਮੁਖੀ 'ਤੇ ਬੈਠੇ ਹਾਂ, ਪਰ ਗਿਆਨ ਅਤੇ ਹਿਕਮਤ ਦਾ ਉਹ ਚਸ਼ਮਾ ਵਗਾਉਣ ਵਿੱਚ ਨਾਕਾਮ ਰਹੇ ਹਾਂ ਜੋ ਸਾਡੀ ਹੋਂਦ ਨੂੰ 'ਬੇਚਾਰਗੀ' ,ਸੰਕਟ, ਬੇਗਾਨਗੀ ,ਬੇਚੈਨੀ ਵਿੱਚੋਂ ਕੱਢ ਕੇ 'ਬਾਦਸ਼ਾਹਤ' ਵੱਲ ਲੈ ਕੇ ਜਾਵੇ। ਸਾਨੂੰ ਸਮਝਣਾ ਪਵੇਗਾ ਕਿ ਨਾਅਰਿਆਂ ਦੀ ਰਾਜਨੀਤੀ ਨਾਲ ਲੋਕਾਂ ਨੂੰ ਉਤੇਜਿਤ ਕੀਤਾ ਜਾ ਸਕਦਾ , ਪਰ ਕੌਮਾਂ ਦੇ ਭਵਿੱਖ ਨਹੀਂ ਉਸਾਰੇ ਜਾ ਸਕਦੇ। ਜਰਮਨ ਫ਼ਿਲਾਸਫ਼ਰ ਫਰੈਡਰਿਕ ਨੀਤਸ਼ੇ ਨੇ ਬੜੀ ਕਮਾਲ ਦੀ ਗੱਲ ਕਹੀ ਸੀ:"ਜਿਹੜਾ ਵਿਅਕਤੀ ਰਾਖਸ਼ਾਂ ਨਾਲ ਲੜਦਾ ਹੈ, ਉਸ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਖ਼ੁਦ ਪ੍ਰਕਿਰਿਆ ਵਿੱਚ ਰਾਖਸ਼ ਨਾ ਬਣ ਜਾਵੇ। ਅਤੇ ਜਦੋਂ ਤੁਸੀਂ ਲੰਮਾ ਸਮਾਂ ਕਿਸੇ ਖੱਡ (ਹਨੇਰੇ) ਵੱਲ ਝਾਕਦੇ ਹੋ, ਤਾਂ ਉਹ ਹਨੇਰਾ ਵੀ ਤੁਹਾਡੇ ਅੰਦਰ ਝਾਕਣ ਲੱਗ ਪੈਂਦਾ ਹੈ।"ਸਾਡੀ ਹਾਲਤ ਵੀ ਕੁਝ ਅਜਿਹੀ ਹੀ ਹੋ ਗਈ ਹੈ। ਅਨਿਆਂ ਨਾਲ ਲੜਦਿਆਂ-ਲੜਦਿਆਂ ਅਸੀਂ ਆਪਣੀ ਅੰਦਰੂਨੀ ਸਿਰਜਣਾਤਮਕ ਊਰਜਾ ਨੂੰ ਗੁਆ ਰਹੇ ਹਾਂ। ਗੁਰੂ ਦੀਆਂ ਬੇਅਦਬੀਆਂ ਇਸ ਦੀ ਸਪਸ਼ਟ ਉਦਾਹਰਣ ਹੈ ਕਿ ਅਸੀਂ ਕਿਥੇ ਖੜੇ ਹਾਂ? ਦਸਾਂ ਪਾਤਸ਼ਾਹੀਆਂ ਦੀ ਜੋਤਿ ਗੁਰੂ ਗ੍ਰੰਥ ਸਾਹਿਬ ਨੂੰ ਕਨੂੰਨ ਅੰਡਰ ਲਿਆਕੇ ਅਸੀਂ ਇਸ ਨੂੰ ਹੋਲੀ ਸਕਰਪਿਟ ਬਣਾ ਦਿਤਾ। ਇਥੋਂ ਤਕ ਅਕਾਲ ਤਖ਼ਤ ਦੇ ਜਥੇਦਾਰ ,ਸ਼੍ਰੋਮਣੀ ਕਮੇਟੀ , ਸੰਪਰਦਾਵਾਂ ਨੇ ਵੀ ਇਸ ਦਾ ਚਿੰਤਨ ਨਹੀਂ ਕੀਤਾ ਤੇ ਉਹ ਕਨੂੰਨ ਵਿਚ ਸੋਧਾਂ ਦਾ ਮਸਲਾ ਲੈਕੇ ਬੈਠ ਗਏ।ਅੱਜ ਪੰਜਾਬ ਦੀ ਆਰਥਿਕਤਾ ਖੋਖਲੀ ਹੋ ਚੁੱਕੀ ਹੈ, ਜਵਾਨੀ ਹਿਜਰਤ ਦੇ ਰਾਹ ਪੈ ਕੇ ਬਿਗਾਨੀ ਧਰਤੀਆਂ 'ਤੇ ਰੁਲ ਰਹੀ ਹੈ, ਅਤੇ ਸਾਡੀ ਸਿਆਸਤ ਸਿਧਾਂਤਹੀਣਤਾ ਦੇ ਦਲਦਲ ਵਿੱਚ ਗ਼ਰਕ ਚੁੱਕੀ ਹੈ। ਪੰਜਾਬ ਵਿਚ ਪ੍ਰਵਾਸੀ ਵਸਾਕੇ ਇਸ ਦੀ ਡੈਮੋਗਰਾਫੀ ਬਦਲੀ ਜਾ ਰਹੀ ਹੈ।ਇਸ ਕਾਰਣ ਕ੍ਰਾਈਮ ਵੀ ਵਧ ਰਿਹਾ।ਬੱਚੇ ਤੇ ਪੰਜਾਬ ਦੀਆਂ ਧੀਆਂ ਗਵਾਚ ਰਹੀਆਂ ਹਨ। ਪ੍ਰਵਾਸੀਆਂ ਨੂੰ ਦਰਿਆਵਾਂ ਕਿਨਾਰੇ ਵਸਾਕੇ ਵਾਤਾਵਰਨ ਗੰਧਲਾ ਕੀਤਾ ਜਾ ਰਿਹਾ ਹੈ। ਭਿਖਾਰੀ ਪੰਜਾਬ ਵਿਚ ਸੁਟੇ ਜਾ ਰਹੇ ਹਨ ਜੋ ਕ੍ਰਾਈਮ ਕਰ ਰਹੇ ਹਨ। ਪੰਜਾਬ ਸਰਕਾਰ ਦਾ ਇਸ ਵਲ ਧਿਆਨ ਨਹੀਂ। ਹਾਲਾਂਕਿ ਪੰਜਾਬ ਸਰਹੱਦੀ ਸੂਬਾ ਹੈ।ਕੋਈ ਰਾਜਨੀਤਕ ਪਾਰਟੀ ਡੈਮੋਗਰਾਫੀ ਦੇ ਮਾਮਲੇ ਨੂੰ ਉਠਾ ਨਹੀਂ ਰਹੀ।ਅਸੀਂ ਆਪਣੇ ਪੁਰਖਿਆਂ ਦੇ ਸ਼ਾਨਾਮੱਤੇ ਇਤਿਹਾਸ 'ਤੇ ਮਾਣ ਤਾਂ ਕਰਦੇ ਹਾਂ, ਪਰ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਫ਼ਲਸਫ਼ੇ ਨੂੰ ਅਮਲੀ ਰੂਪ ਵਿੱਚ ਦੁਨੀਆ ਸਾਹਮਣੇ ਪੇਸ਼ ਕਰਨ ਵਿੱਚ ਪਛੜ ਗਏ ਹਾਂ। ਸਾਨੂੰ ਭੜਕਾਹਟ ਦੀ ਦਲਦਲ ਵਿੱਚੋਂ ਨਿਕਲ ਕੇ 'ਗਿਆਨ ਅਵਸਥਾ' ਵੱਲ ਤੁਰਨਾ ਪਵੇਗਾ।ਸਭਿਅਤਾਵਾਂ ਦਾ ਟਕਰਾਅ ਅਤੇ ਗੁਰੂ ਨਾਨਕ ਦਾ ਹੋਕਾਅੱਜ ਦਾ ਸੰਸਾਰ ਨਫ਼ਰਤ ਤੇ ਵੰਡੀਆਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਪ੍ਰਸਿੱਧ ਚਿੰਤਕ ਸੈਮੂਅਲ ਹੰਟਿੰਗਟਨ ਨੇ 'ਕਲੈਸ਼ ਆਫ਼ ਸਿਵਿਲਾਈਜ਼ੇਸ਼ਨਜ਼' (ਸਭਿਅਤਾਵਾਂ ਦੇ ਟਕਰਾਅ) ਦੀ ਗੱਲ ਕੀਤੀ ਸੀ। ਪਰ ਇਸ ਟਕਰਾਅ ਨੂੰ ਰੋਕਣ ਦੀ ਸਮਰੱਥਾ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਉਸ ਸੁਨੇਹੇ ਵਿੱਚ ਹੈ ਜੋ "ਨਾ ਕੋ ਬੈਰੀ ਨਹੀ ਬਿਗਾਨਾ" ਦਾ ਹੋਕਾ ਦਿੰਦਾ ਹੈ।ਪਰ ਸਿੱਖਾਂ ਵਿਚ ਜਨਮੀ ਅਰਧ ਸਰਕਾਰੀ ਕਮੇਟੀ ਸ਼੍ਰੋਮਣੀ ਕਮੇਟੀ, ਜਥੇਦਾਰਾਂ ਨੇ ਅਨੇਕਾਂ ਪਾਬੰਦੀਆਂ ਮਰਿਯਾਦਾ ਦੇ ਨਾਮ ਉਪਰ ਸਿਖਾਂ ਉਪਰ ਥੋਪ ਦਿਤੀਆਂ ਹਨ ਤਾਂ ਜੋ ਗੁਰੂ ਦਾ ਗਿਆਨ ਲੋਕਾਂ ਤਕ ਨਾ ਪੁਜ ਸਕੇ।ਸਵਾਲ ਇਹ ਹੈ ਕਿ ਸਿੱਖ ਜਗਤ ਕੋਲ ਅੱਜ ਕੋਈ ਅਜਿਹਾ ਕੌਮਾਂਤਰੀ ਚਿੰਤਨ ਕੇਂਦਰ ਤੇ ਸਥਾਨ ਹੈ, ਜਿੱਥੋਂ ਅਸੀਂ ਸੰਸਾਰ ਦੀਆਂ ਸਭਿਅਤਾਵਾਂ ਦੇ ਇਸ ਟਕਰਾਅ ਨੂੰ ਰੋਕਣ ਲਈ ਗੁਰੂ ਨਾਨਕ ਦੀ ਫ਼ਿਲਾਸਫ਼ੀ ਦਾ ਨੈਰੇਟਿਵ ਤਿਆਰ ਕਰ ਸਕੀਏ ਜੋ ਸਿੱਖਾਂ ਵਿਚ ਫੈਲਾਏ ਕਰਮਕਾਂਡ ਤੋਂ ਮੁਕਤ ਹੋਵੇ? ਕੀ ਅਸੀਂ ਕੋਈ ਅਜਿਹਾ 'ਟਾਪੂ' ਵਸਾਇਆ ਹੈ ਜਿੱਥੇ ਗਿਆਨ, ਵਿਗਿਆਨ ਅਤੇ ਅਧਿਆਤਮ ਦਾ ਸੁਮੇਲ ਹੋਵੇ? ਅਸੀਂ ਗੁਰਦੁਆਰਿਆਂ ਦੇ ਸੰਗਮਰਮਰ ਤਾਂ ਸੋਨੇ ਨਾਲ ਮੜ੍ਹ ਦਿੱਤੇ, ਪਰ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਦੇ ਵਿਹੜੇ ਸੁੰਨੇ ਛੱਡ ਦਿੱਤੇ। ਸਤਿਗੁਰੂ ਨਾਨਕ ਨੇ ਤਾਂ ਕਿਹਾ ਸੀ ਕਿ ਸ਼ਬਦ ਮੇਰਾ ਗੁਰੂ ਹੈ।ਪਰ ਅਸੀਂ ਇਸ ਵਿਚਾਰ ਤੋਂ ਭਗੌੜੇ ਹੋ ਗਏ।ਜਦੋਂ ਤੱਕ ਕੋਈ ਕੌਮ ਬੌਧਿਕ ਪੱਧਰ 'ਤੇ ਸ਼ਕਤੀਸ਼ਾਲੀ ਨਹੀਂ ਹੁੰਦੀ, ਉਹ ਸੰਸਾਰ ਦੇ ਨਕਸ਼ੇ 'ਤੇ ਆਪਣੀ ਨੈਤਿਕ ਸਰਦਾਰੀ ਕਾਇਮ ਨਹੀਂ ਕਰ ਸਕਦੀ। ਸਾਡੀ ਇਤਿਹਾਸਕ ਹੋਂਦ ਕੋਈ 'ਵੇਚਾਰਗੀ' ਵਾਲੀ ਨਹੀਂ ਰਹੀ,ਗਿਆਨ ਆਧਾਰਿਤ ਰਹੀ ਹੈ, ਇਹ 'ਚੜ੍ਹਦੀ ਕਲਾ' ਗੁਰੂ ਗਿਆਨ ਤੋਂ ਪੈਦਾ ਹੁੰਦੀ ਰਹੀ ਹੈ। ਸਾਡੀ ਅਰਦਾਸ ਇਸ ਗਲ ਦੀ ਗਵਾਹ ਹੈ।ਸਾਨੂੰ ਆਪਣੀ ਅਧਿਆਤਮਕ ਅਤੇ ਰਾਜਨੀਤਿਕ ਸੂਝ-ਬੂਝ ਨੂੰ ਮੁੜ-ਪਰਿਭਾਸ਼ਿਤ ਕਰਨਾ ਪਵੇਗਾ। ਗੁਰੂ ਬਾਬੇ ਨਾਨਕ ਸਾਹਿਬ ਦੇ ਫ਼ਲਸਫ਼ੇ ਦੀ ਰੌਸ਼ਨੀ ਵਿੱਚ ਜਦੋਂ ਅਸੀਂ ਕਿਸੇ 'ਬੌਧਿਕ ਜਾਂ ਅਧਿਆਤਮਕ ਟਾਪੂ' (Institutions or Enclaves of Excellence) ਦੀ ਸਿਰਜਣਾ ਦੀ ਗੱਲ ਕਰਦੇ ਹਾਂ, ਤਾਂ ਉਸ ਦਾ ਮਤਲਬ ਦੁਨੀਆ ਤੋਂ ਟੁੱਟ ਕੇ ਅਲੱਗ-ਥਲੱਗ ਬੈਠਣਾ ਨਹੀਂ, ਸਗੋਂ ਸੰਸਾਰ ਦੇ ਕੋਲਾਹਲ ਵਿੱਚ ਇੱਕ ਅਜਿਹਾ 'ਮਾਡਲ' ਖੜ੍ਹਾ ਕਰਨਾ ਹੈ ਜਿੱਥੇ ਮਨੁੱਖਤਾ ਨੂੰ ਸੁਖ ਦਾ ਸਾਹ ਆ ਸਕੇ।ਅੱਜ ਦੁਨੀਆ ਨਸਲ, ਧਰਮ ਅਤੇ ਸਰਹੱਦਾਂ ਦੇ ਨਾਂ 'ਤੇ ਆਪਸ ਵਿੱਚ ਲੜ ਰਹੀ ਹੈ। ਇਸ ਟਾਪੂ ਵਿੱਚ ਇੱਕ ਅਜਿਹਾ ਕੌਮਾਂਤਰੀ ਚਿੰਤਨ ਕੇਂਦਰ ਹੋਵੇ, ਜਿੱਥੇ ਦੁਨੀਆ ਦੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਅਤੇ ਰਾਜਨੀਤਿਕ ਵਿਚਾਰਧਾਰਾਵਾਂ ਦੇ ਲੋਕ ਆ ਕੇ ਬੈਠਣ।ਸਿੱਖ ਇੱਥੇ ਜਗਤ ਨੂੰ "ਨਾ ਕੋ ਬੈਰੀ ਨਹੀ ਬਿਗਾਨਾ" ਅਤੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦਾ ਅਮਲੀ ਪਾਠ ਪੜ੍ਹਾਉਣ।ਇਹ ਟਾਪੂ ਵਿਸ਼ਵ ਦੇ ਵੱਡੇ-ਵੱਡੇ ਝਗੜਿਆਂ ਨੂੰ ਸੁਲਝਾਉਣ ਲਈ ਇੱਕ ਨਿਰਪੱਖ, ਨੈਤਿਕ ਅਤੇ ਅਧਿਆਤਮਕ ਸੇਧ ਦੀ ਭੂਮਿਕਾ ਨਿਭਾਵੇ।ਸਾਨੂੰ ਅਜਿਹੇ ਵਿਸ਼ਵ-ਪੱਧਰੀ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਦੀ ਲੋੜ ਹੈ, ਜਿੱਥੇ ਆਧੁਨਿਕ ਵਿਗਿਆਨ , ਆਰਟੀਫੀਸ਼ੀਅਲ ਇੰਟੈਲੀਜੈਂਸ (AI), ਅਰਥਸ਼ਾਸਤਰ ਅਤੇ ਮਨੁੱਖੀ ਅਧਿਕਾਰਾਂ ਦੀ ਉੱਚ-ਪਾਏ ਦੀ ਪੜ੍ਹਾਈ ਹੋਵੇ।ਜਦੋਂ ਦੁਨੀਆ ਦੇ ਸਭ ਤੋਂ ਬੁੱਧੀਮਾਨ ਲੋਕ ਇਸ ਟਾਪੂ ਵਿੱਚ ਆ ਕੇ ਰਿਸਰਚ ਕਰਨਗੇ, ਤਾਂ ਉੱਥੋਂ ਨਿਕਲਣ ਵਾਲੀ ਲੀਡਰਸ਼ਿਪ ਸੰਸਾਰ ਦੀਆਂ ਨੀਤੀਆਂ ਤੈਅ ਕਰੇਗੀ।ਜਦੋਂ ਦੁਨੀਆ ਦੇ ਸਭ ਤੋਂ ਬੁੱਧੀਮਾਨ ਲੋਕ ਇਸ ਟਾਪੂ ਵਿੱਚ ਆ ਕੇ ਰਿਸਰਚ ਕਰਨਗੇ, ਤਾਂ ਉੱਥੋਂ ਨਿਕਲਣ ਵਾਲੀ ਲੀਡਰਸ਼ਿਪ ਸੰਸਾਰ ਦੀਆਂ ਨੀਤੀਆਂ ਤੈਅ ਕਰੇਗੀ।ਇੱਥੇ ਸਿੱਖ ਇਤਿਹਾਸ, ਫ਼ਲਸਫ਼ੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦੁਨੀਆ ਦੀਆਂ ਪ੍ਰਮੁੱਖ ਭਾਸ਼ਾਵਾਂ (ਅੰਗਰੇਜ਼ੀ, ਫ਼ਰਾਂਸੀਸੀ, ਜਰਮਨ, ਅਰਬੀ, ਚੀਨੀ) ਵਿੱਚ ਅਨੁਵਾਦ ਕਰਕੇ ਅਕਾਦਮਿਕ ਤਰੀਕੇ ਨਾਲ ਪੇਸ਼ ਕੀਤਾ ਜਾਵੇ, ਨਾ ਕਿ ਸਿਰਫ਼ ਭਾਵੁਕ ਪ੍ਰਚਾਰ ਰਾਹੀਂ।ਅਖੰਡ ਪਾਠਾਂ ਰਾਹੀਂ ਸਿਖ ਪੰਥ ਦੀ ਸਿਰਜਣਾ ਨਹੀਂ ਹੋ ਸਕਦੀ।ਸਹਿਜ ਪਾਠ ਤੇ ਗੁਰਮਤਿ ਵਿਆਖਿਆ ਕੌਮ ਨੂੰ ਮਜ਼ਬੂਤ ਕਰ ਸਕਦੀ ਹੈ।ਗਿਆਨ ਗੁਰੂ ਦੇ ਵਿਚਾਰ ਵਿਚ ਨਿਹਿਤ ਹੈ।ਇੱਥੇ ਸਿੱਖ ਇਤਿਹਾਸ, ਫ਼ਲਸਫ਼ੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦੁਨੀਆ ਦੀਆਂ ਪ੍ਰਮੁੱਖ ਭਾਸ਼ਾਵਾਂ (ਅੰਗਰੇਜ਼ੀ, ਫ਼ਰਾਂਸੀਸੀ, ਜਰਮਨ, ਅਰਬੀ, ਚੀਨੀ) ਵਿੱਚ ਅਨੁਵਾਦ ਕਰਕੇ ਅਕਾਦਮਿਕ ਤੇ ਸਿਧਾਂਤਕ ਤਰੀਕੇ ਨਾਲ ਪੇਸ਼ ਕੀਤਾ ਜਾਵੇ।ਗੁਰੂ ਸਾਹਿਬਾਨ ਨੇ ਸਾਨੂੰ ਹਲੇਮੀ ਰਾਜ'ਕਰਤਾਰਪੁਰ' ਅਤੇ ਸੰਤ ਗੁਰੂ ਰਵਿਦਾਸ ਜੀ ਨੇ 'ਬੇਗਮਪੁਰਾ' (ਸ਼ਹਿਰ ਦਾ ਨਾਂ ਜਿੱਥੇ ਕੋਈ ਗ਼ਮ ਜਾਂ ਅਸਮਾਨਤਾ ਨਹੀਂ), ਨਿਆਂ ਤੇ ਸ਼ਾਂਤੀ ਹੈ,ਦਾ ਸੰਕਲਪ ਦਿੱਤਾ। ਇਸ ਟਾਪੂ ਦੇ ਅੰਦਰ ਇੱਕ ਅਜਿਹਾ ਸਮਾਜਿਕ ਅਤੇ ਆਰਥਿਕ ਮਾਡਲ ਲਾਗੂ ਕੀਤਾ ਜਾਵੇ ਜੋ ਪੂੰਜੀਵਾਦ ਦੇ ਸ਼ੋਸ਼ਣ ਅਤੇ ਸਾਮਵਾਦ ਦੀ ਜਕੜ ਤੋਂ ਮੁਕਤ ਹੋਵੇ।ਇਹ ਇੱਕ ਅਜਿਹਾ ਮਾਡਲ ਹੋਵੇ ਜਿੱਥੇ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਦੇ ਆਧਾਰ 'ਤੇ ਆਰਥਿਕ ਸਮਾਨਤਾ ਹੋਵੇ।ਇੱਥੇ ਵਾਤਾਵਰਣ ਦੀ ਸੰਭਾਲ (ਪਵਣੁ ਗੁਰੂ ਪਾਣੀ ਪਿਤਾ) ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਜਿਊਣ ਦਾ ਤਰੀਕਾ ਦੁਨੀਆ ਨੂੰ ਸਿਖਾਇਆ ਜਾਵੇ।ਇਸ ਟਾਪੂ ਤੋਂ ਇੱਕ ਅਜਿਹਾ ਕੌਮਾਂਤਰੀ ਪੱਧਰ ਦਾ ਮੀਡੀਆ ਨੈੱਟਵਰਕ (ਜਿਵੇਂ BBC ਜਾਂ Al Jazeera ਦੇ ਮੁਕਾਬਲੇ ਦਾ) ਚਲਾਇਆ ਜਾਵੇ, ਜੋ ਸਿਰਫ਼ ਸਿੱਖਾਂ ਦੇ ਮਸਲੇ ਹੀ ਨਹੀਂ, ਸਗੋਂ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ, ਮਜ਼ਲੂਮਾਂ ਅਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬਣੇ ਜਦੋਂ ਸਿੱਖ ਸੰਸਾਰ ਦੇ ਹੱਕ ਵਿੱਚ ਬੋਲਣਗੇ, ਤਾਂ ਸੰਸਾਰ ਸਿੱਖਾਂ ਦੇ ਹੱਕ ਵਿੱਚ ਖੜ੍ਹਾ ਹੋਵੇਗਾ।ਇਹ ਟਾਪੂ ਸਿੱਖ ਜਵਾਨੀ ਨੂੰ ਨਿਰਾਸ਼ਾ, ਨਸ਼ਿਆਂ ਅਤੇ ਦਿਸ਼ਾਹੀਣ ਭੜਕਾਹਟ ਵਿੱਚੋਂ ਕੱਢਣ ਦਾ ਕੇਂਦਰ ਬਣੇ। ਇੱਥੇ ਨੌਜਵਾਨਾਂ ਨੂੰ ਸ਼ਸਤਰ ਅਤੇ ਸ਼ਾਸਤਰ (ਗਿਆਨ) ਦੋਵਾਂ ਦੀ ਦੀਖਿਆ ਮਿਲੇ, ਤਾਂ ਜੋ ਉਹ ਭਾਵੁਕ ਹੋ ਕੇ ਆਪਣਾ ਨੁਕਸਾਨ ਨਾ ਕਰਵਾਉਣ, ਸਗੋਂ ਹਰ ਚੁਣੌਤੀ ਦਾ ਜਵਾਬ ਬੌਧਿਕ ਅਤੇ ਕਾਨੂੰਨੀ ਤਰੀਕੇ ਨਾਲ ਦੇਣ ਦੇ ਸਮਰੱਥ ਹੋਣ। ਇਹ ਟਾਪੂ ਕੋਈ ਦੇਸ਼ ਨਹੀਂ, ਮਨੁਖਤਾ ਦਾ ਕੇਂਦਰ ਹੈ ਜਿਥੇ ਕੋਈ ਨਸਲ ਨਹੀਂ ਨਫਰਤ ਨਹੀਂ।ਤਣਾਅ ਨਹੀਂ।ਜਰਮਨ ਚਿੰਤਕ ਇਮੈਨੂਅਲ ਕਾਂਟ ਨੇ ਨੈਤਿਕਤਾ ਬਾਰੇ ਲਿਖਿਆ ਸੀ:"ਇਸ ਤਰ੍ਹਾਂ ਦਾ ਅਮਲ ਕਰੋ ਕਿ ਤੁਹਾਡੀ ਇੱਛਾ ਦਾ ਨਿਯਮ ਹਮੇਸ਼ਾ ਇੱਕੋ ਸਮੇਂ ਇੱਕ ਵਿਆਪਕ (ਸਰਵ-ਸਾਂਝਾ) ਕਾਨੂੰਨ ਬਣ ਸਕੇ।"ਗੁਰੂ ਸਾਹਿਬ ਨੇ ਵੀ ਤਾਂ ਇਹੀ ਸਿਖਾਇਆ ਸੀ ਕਿ ਜੋ ਸੱਚ ਤੁਸੀਂ ਆਪਣੇ ਲਈ ਚਾਹੁੰਦੇ ਹੋ, ਉਹ ਸਾਰੇ ਸੰਸਾਰ ਲਈ ਮੰਗੋ—"ਸਰਬੱਤ ਦਾ ਭਲਾ"। ਜਦੋਂ ਅਸੀਂ ਇਸ ਵਿਆਪਕ ਦ੍ਰਿਸ਼ਟੀਕੋਣ ਨੂੰ ਛੱਡ ਕੇ ਸੌੜੇ ਘੇਰਿਆਂ ਵਿੱਚ ਸਿਮਟ ਜਾਂਦੇ ਹਾਂ, ਤਾਂ ਅਸੀਂ ਆਪਣੀ ਹੀ ਫ਼ਿਲਾਸਫ਼ੀ ਨੂੰ ਬੇਦਾਵਾ ਦੇ ਰਹੇ ਹੁੰਦੇ ਹਾਂ।ਵਿਸ਼ਵ ਭਾਈਚਾਰੇ ਵਿੱਚ ਸਿੱਖ ਕੌਮ ਨੂੰ ਇੱਕ ਨੈਤਿਕ ਮਾਡਲ ਵਜੋਂ ਸਥਾਪਿਤ ਕਰਨ ਲਈ ਸਾਨੂੰ ਤਲਖ਼ੀ ਦੀ ਥਾਂ ਸੰਵਾਦ ਦਾ ਪੱਲਾ ਫੜਨਾ ਪਵੇਗਾ। ਤਬਦੀਲੀ ਦਾ ਰਾਜ਼ ਇਹ ਨਹੀਂ ਹੈ ਕਿ ਤੁਸੀਂ ਆਪਣੇ ਪੁਰਾਣੇ ਅਤੀਤ ਨਾਲ ਲੜਨ ਵਿੱਚ ਆਪਣੀ ਸਾਰੀ ਊਰਜਾ ਲਾ ਦਿਓ, ਸਗੋਂ ਇਸ ਵਿੱਚ ਹੈ ਕਿ ਤੁਸੀਂ ਨਵੇਂ ਭਵਿੱਖ ਦੀ ਸਿਰਜਣਾ ਉੱਤੇ ਆਪਣੀ ਪੂਰੀ ਤਾਕਤ ਕੇਂਦਰਿਤ ਕਰੋ।

**ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ**

# ਜੂਨ 1984 ਦਾ ਸਾਕਾ: ਆਜ਼ਾਦ ਭਾਰਤ ਦਾ ਸਿੱਖ ਕੌਮ ਨੂੰ 'ਤੋਹਫ਼ਾ'

**ਸਫ਼ਾ 1 ਦੀ ਬਾਕੀ**

ਮੇਰੇ ਵਿਚਾਰ ਵਿਚ ਸਾਨੂੰ ਕਿਸੇ ਨੂੰ ਵੀ ਇਸ ਸੰਬੰਧ ਵਿਚ ਕੋਈ ਆਪੱਤੀ ਨਹੀਂ ਹੋਣੀ ਚਾਹੀਦੀ ਕਿ ਉੱਤਰ-ਪੱਛਮ ਭਾਰਤ ਵਿਚ ਇਕ ਅਜਿਹਾ ਇਲਾਕਾ ਅਤੇ ਇੰਤਜ਼ਾਮ ਸਿੱਖਾਂ ਲਈ ਰਾਖਵਾਂ ਰੱਖਿਆ ਜਾਵੇ, ਜਿਸ ਸਦਕਾ ਇਹ ਵੀ ਸਫ਼ਾ ਆਜ਼ਾਦੀ ਦਾ ਆਨੰਦ ਮਾਣ ਸਕਣ।"ਮਹਾਤਮਾ ਗਾਂਧੀ ਨੇ ਮਾਰਚ ੧੯੩੧ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਸਜੇ ਭਾਰੀ ਦੀਵਾਨ ਵਿਚ ਸਿੱਖ ਕੌਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ-"ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਵਚਨਾਂ ਅਤੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਮਤਿਆਂ ਉਤੇ ਯਕੀਨ ਕਰੋ। ਸਿੱਖ ਕੌਮ ਨੂੰ ਧੋਖਾ ਦੇਣਾ ਤਾਂ ਪਾਸੇ ਰਿਹਾ, ਅਸੀਂ ਕਿਸੇ ਇਕ ਵਿਅਕਤੀ ਨਾਲ ਵੀ ਐਸਾ ਨਹੀਂ ਕਰ ਸਕਦੇ। ਜਦ ਕਦੀ ਕਾਂਗਰਸ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਬਰਬਾਦੀ ਨੂੰ ਆਪ ਸੱਦਾ ਦੇਵੇਗੀ। ਮੈਂ ਪਰਮਾਤਮਾ ਨੂੰ ਹਾਜ਼ਰ- ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਜੋ ਵਾਅਦੇ ਮੇਰੇ ਵੱਲੋਂ ਅਤੇ ਕਾਂਗਰਸ ਵੱਲੋਂ ਆਪ ਦੀ ਕੌਮ ਨਾਲ ਕੀਤੇ ਗਏ ਹਨ, ਇਨ੍ਹਾਂ ਨੂੰ ਅਸੀਂ ਹਰ ਕੀਮਤ 'ਤੇ ਨਿਭਾਵਾਂਗੇ।"'ਕੀ ਪੱਥਰਾਂ ਤੇ ਕੰਡਿਆਂ ਦੀ ਦੱਸਾਂ ਦੋਸਤੋ, ਹਰ ਫੁੱਲ ਮੇਰੇ ਸਿਰ 'ਤੇ ਨਵਾਂ ਵਾਰ ਕਰ ਗਿਆ। ਕੁਝ ਐਸੀ ਦਾਸਤਾਨ ਹੈ ਮੇਰੇ ਇਸ਼ਕ ਦੀ, ਇਕਰਾਰ ਕਰਨ ਵਾਲਾ ਵੀ ਇਨਕਾਰ ਕਰ ਗਿਆ।'ਇਸੇ ਗੱਲ ਦਾ ਤਾਂ ਸਾਰਾ ਰੋਣਾ ਹੈ ਕਿ ਗਾਂਧੀ ਤੇ ਨਹਿਰੂ ਆਦਿ ਲੀਡਰਾਂ ਵੱਲੋਂ ਸਮੇਂ-ਸਮੇਂ ਕੀਤੇ ਗਏ ਵਾਅਦਿਆਂ ਦੇ ਬਾਵਜੂਦ ਸਿੱਖ ਕੌਮ ਨੂੰ ਬਣਦੇ ਹੱਕ ਤੇ ਸਤਿਕਾਰ ਦਾ ਦਰਜਾ ਕਿਉਂ ਨਹੀਂ ਦਿੱਤਾ ਗਿਆ? ਇਨ੍ਹਾਂ ਨੂੰ ਹੀ ਕਿਉਂ ਬਾਰ-ਬਾਰ ਹੱਕੀ ਮੰਗਾਂ ਮਨਵਾਉਣ ਲਈ ਮੋਰਚੇ ਲਗਾਉਣੇ ਪੈ ਰਹੇ ਹਨ?

ਭਾਰਤ ਦੇ ਸੰਵਿਧਾਨ ਵਿਚ ਇਨ੍ਹਾਂ ਨੂੰ ਇਕ ਵੱਖਰੀ ਕੌਮ ਨਾ ਮੰਨ ਕੇ 'ਕੇਸਾਧਾਰੀ ਹਿੰਦੂ' ਕਿਉਂ ਤਸੱਵਰ ਕੀਤਾ ਜਾ ਰਿਹਾ ਹੈ?ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ੨੫ ਸਾਲ ਦੇ ਕਰੀਬ ਪੰਜਾਬ ਤੋਂ ਬਾਹਰ ਰਹਿਣ ਦਾ ਮੌਕਾ ਮਿਲਿਆ ਹੈ ਅਤੇ ਜ਼ਾਤੀ ਤਜਰਬੇ ਦੇ ਆਧਾਰ ਉੱਤੇ ਇਹ ਗੱਲ ਦਾਹਵੇ ਨਾਲ ਕਹੀ ਜਾ ਸਕਦੀ ਹੈ ਕਿ ਬੇਸ਼ੱਕ ਸਿੱਖ ਨੁਮਾਇੰਦੇ ਕੇਂਦਰ ਸਰਕਾਰ ਵਿਚ ਭਾਈਵਾਲ ਰਹੇ ਹਨ, ਪੰਜਾਬ ਵਿਚ ਵੀ ਇਨ੍ਹਾਂ ਦੀ ਹਕੂਮਤ ਰਹੀ ਹੈ, ਅੱਜ ਵੀ ਪੰਜਾਬ ਦਾ ਰਾਜ-ਭਾਗ ਇਕ ਸਿੱਖ ਹੀ ਚਲਾ ਰਿਹਾ ਹੈ, ਇਕ ਸਿੱਖ ਗਵਰਨਰ ਵੀ ਹੈ, ਮਿਨਾਰਟੀ ਕਮਿਸ਼ਨ ਦਾ ਚੇਅਰਮੈਨ ਵੀ ਇਕ ਸਿੱਖ ਹੀ ਹੈ, ਲੇਕਿਨ ਸਿੱਖ ਕੌਮ ਨੂੰ ਜੋ ਮਾਣ ਤੇ ਸਤਿਕਾਰ ੧੯੮੦ ਤੋਂ ਪਹਿਲਾਂ ਪ੍ਰਾਪਤ ਸੀ, ਅੱਜ ਉਸ ਵਿਚ ਭਾਰੀ ਤਬਦੀਲੀ ਆ ਚੁਕੀ ਹੈ ਅਤੇ ਕੌਮ ਦਾ ਸ਼ਾਨਾਂ-ਮੱਤਾ ਵਕਾਰ ਪਹਿਲਾਂ ਜਿਹਾ ਬਹਾਲ ਨਹੀਂ ਹੋ ਸਕਿਆ।ਮੋਢੇ ਸੱਚ ਦੇ ਸਲੀਬ ਹੈ ਯਾਰੋ। ਮੇਰਾ ਮਸਤਕ ਅਜੀਬ ਹੈ ਯਾਰੋ।' ਸਿੱਖੀ ਉੱਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਮਲੇ ਅੱਜ ਵੀ ਨਿਰੰਤਰ ਜਾਰੀ ਹਨ।ਜੇਕਰ ੧੯੮੪ ਵਿਚ ਅਕਾਲ ਤਖ਼ਤ ਦੀ ਇਮਾਰਤ ਨੂੰ ਢਾਹੁਣ ਦਾ ਘੋਰ ਅਪਰਾਧ ਕੀਤਾ ਗਿਆ ਸੀ ਤਾਂ ਅੱਜ ਪੰਥ ਦੇ ਕਥਿਤ 'ਸ਼ੁਭਚਿੰਤਕਾਂ' ਵੱਲੋਂ ਅਕਾਲ ਤਖ਼ਤ ਦੇ ਸਿਧਾਂਤਾਂ ਤੋਂ ਮੁਨਕਰ ਹੋ ਕੇ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਹ ਕੋਝੇ ਯਤਨ ਬੜੇ ਵਿਆਪਕ ਪੱਧਰ ਉੱਤੇ ਅਤੇ ਬਹੁਤ ਹੀ ਯੋਜਨਾਬੱਧ ਢੰਗ ਨਾਲ ਕੀਤੇ ਜਾ ਰਹੇ ਹਨ, ਜਿਸ ਤੋਂ ਹੋਣ ਵਾਲੇ ਕੌਮੀ ਨੁਕਸਾਨ ਦਾ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਇਸ ਪੱਖ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ।ਜੂਨ, ੮੪ ਦੇ ਦੁਖਾਂਤ ਨੂੰ ਵਾਪਰੇ ਅੱਜ ਕਈ (42) ਵਰ੍ਹੇ ਗੁਜ਼ਰ ਗਏ ਹਨ। ਲੇਕਿਨ ਬੜੇ ਅਫ਼ਸੋਸ ਅਤੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੀ ਸੋਚ ਅੱਜ ਤੋਂ ਵੀਹ ਸਾਲ ਪਹਿਲਾਂ ਜਿਥੇ ਖਲੋਤੀ ਸੀ, ਅੱਜ ਉਥੇ ਹੀ ਨਹੀਂ ਖਲੋਤੀ, ਬਲਕਿ ਰੀਵਰਸ ਗੇਅਰ ਲੱਗ ਕੇ ਹੋਰ ਵੀ ਪਿੱਛੇ ਵੱਲ ਜਾ ਚੁੱਕੀ ਹੈ, ਜੋ ਕਿ ਇਕ ਤਰ੍ਹਾਂ ਖ਼ਤਰੇ ਦੀ ਘੰਟੀ ਵੱਜਣ ਵਾਂਗ ਹੈ। ਜੇਕਰ ਅਸੀਂ ਆਪਣੇ ਕੌਮੀ ਫ਼ਰਜ਼ਾਂ ਤੋਂ ਇੰਜ ਹੀ ਅਵੇਸਲੇ ਹੋਏ ਰਹੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਅਤੇ ਮਾਰੂ ਸਿੱਧ ਹੋ ਸਕਦਾ ਹੈ। ਜਿਵੇਂ ਕਿ ਕਈ ਵੇਰ ਬੀਤੀਆਂ ਨੂੰ ਭੁੱਲ ਜਾਣ ਲਈ ਕਿਹਾ ਜਾਂਦਾ ਹੈ ਲੇਕਿਨ ਕੌਮ ਦੇ ਹਿਤਾਂ ਵਿਚ ਇਹ ਵਰਤਾਰਾ ਠੀਕ ਨਹੀਂ ਹੋਵੇਗਾ। ਭੂਤ ਨੂੰ ਭੁੱਲੀਏ ਨਾ, ਸਗੋਂ ਉਸ ਤੋਂ ਸਬਕ ਸਿੱਖ ਕੇ ਕੌਮ ਦੇ ਭਵਿੱਖ ਨੂੰ ਸੰਵਾਰਨ, ਨਿਖਾਰਨ ਤੇ ਉੱਜਵਲ ਬਣਾਉਣ ਵਿਚ ਆਪਣਾ ਯਥਾਸ਼ਕਤ ਹਿੱਸਾ ਪਾਈਏ- ਵੋਹ ਸ਼ਮ੍ਹਾਂ ਜਲਾਏਂ, ਆਂਧੀ ਜਿਸੇ ਬੁਝਾ ਨਾ ਸਕੇ। ਵੋਹ ਨਕਸ਼ ਬਨਾਏਂ, ਜ਼ਮਾਨਾ ਜਿਸੇ ਮਿਟਾ ਨਾ ਸਕੇ।

# ਇਕ ਅਦੁੱਤੀ ਸਿੱਖਿਆਦਾਤੇ: ਗੁਰੂ ਨਾਨਕ ਸਾਹਿਬ

ਪੂਰਨ ਗੁਰੂ ਦੇ ਗੁਣ ਲਿਖੇ ਨਹੀਂ ਜਾ ਸਕਦੇ, ਜਿਸ ਤਰ੍ਹਾਂ ਪ੍ਰਭੂ ਦੇ ਗੁਣਾਂ ਦੀ ਸੀਮਾ ਨਹੀਂ, ਇਸੇ ਤਰ੍ਹਾਂ ਗੁਰੂ ਦੇ ਗੁਣਾਂ ਦੀ ਵੀ ਕੋਈ ਸੀਮਾ ਨਹੀਂ। ਪੂਰਨ ਗੁਰੂ ਪ੍ਰਭੂ ਦਾ ਮੁਜੱਸਮ ਰੂਪ ਹੀ ਤਾਂ ਹੁੰਦਾ ਹੈ। ਮਾਨਵਤਾ ਦੀ ਭਲਾਈ ਲਈ ਪ੍ਰਭੂ ਕਿਸੇ ਵਿਅਕਤੀ ਵਿਸ਼ੇਸ਼ ਨੂੰ ਆਪਣੇ ਸਾਰੇ ਗੁਣਾਂ ਨਾਲ ਲੈਸ ਕਰਕੇ ਇਸ ਜੱਗ 'ਤੇ ਭੇਜਦਾ ਹੈ ਤਾਂ ਕਿ ਉਸ ਦੇ ਉਪਦੇਸ਼ ਅਤੇ ਆਗਿਆ ਦੀ ਪਾਲਣਾ ਕਰਕੇ ਉਸ ਦੇ ਬੱਚੇ ਸੁਖੀ ਅਤੇ ਸੁਹੇਲੇ ਹੋ ਸਕਣ। ਗੁਰੂ ਇਸ ਮਨੋਰਥ ਨੂੰ ਗਿਆਨ ਰੂਪੀ ਚਾਨਣ ਨਾਲ ਸਰੰਜਾਮ ਦਿੰਦਾ ਹੈ। ਦਰਅਸਲ ਕਿਸੇ ਵੀ ਵਿਅਕਤੀ ਦੇ ਜੀਵਨ ਵਿਚ ਪੂਰਨ ਅਤੇ ਸੱਚੇ ਗੁਰੂ ਦਾ ਪ੍ਰਵੇਸ਼ ਹੋ ਜਾਣਾ ਪ੍ਰਭੂ ਦੀ ਨਦਰਿ ਕਰਮ ਦਾ ਸਬੂਤ ਹੈ। ਵਿਅਕਤੀ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੇ ਗੁਰੂ ਦੀ ਪੂਰਨ ਸਮਰੱਥਾ 'ਤੇ ਵਿਸ਼ਵਾਸ ਰੱਖਦਾ ਹੋਇਆ ਆਪਣੇ ਜੀਵਨ ਦੀ ਵਾਗਡੋਰ ਉਸ ਦੇ ਹੱਥ ਸੌਂਪ ਦੇਵੇ। ਅਜਿਹੇ ਆਤਮ ਸਮਰਪਣ ਸਦਕਾ ਉਸ ਦੀਆਂ ਸਾਰੀਆਂ ਔਕੜਾਂ ਗੁਰੂ ਦੀਆਂ ਆਪਣੀਆਂ ਹੋ ਜਾਂਦੀਆਂ ਹਨ। ਫਿਰ ਉਹ ਵਿਅਕਤੀ ਆਪਣੀ ਜੀਵਨ ਯਾਤਰਾ ਨਿਰਵਿਘਨ ਤੇ ਸਫਲਤਾ ਪੂਰਵਕ ਸੰਪੂਰਨ ਕਰਦਾ ਹੈ।ਗਿਆਨ ਦਾ ਸੰਬੰਧ ਅਨੇਕਾਂ ਵਿਸ਼ਿਆਂ ਨਾਲ ਹੈ, ਮੋਟੇ ਤੌਰ 'ਤੇ ਅਸੀਂ ਇਸ ਦੀ ਵੰਡ ਅਧਿਆਤਮਕ ਅਤੇ ਸੰਸਾਰਕ ਖੇਤਰ ਵਿਚ ਕਰ ਸਕਦੇ ਹਾਂ। ਦੋਨੋਂ ਹੀ ਖੇਤਰ ਆਪਣੇ ਆਪ ਵਿਚ ਬੇਹੱਦ ਵਿਸ਼ਾਲ ਹਨ। ਹਰ ਵਿਅਕਤੀ ਦੇ ਜੀਵਨ ਵਿਚ ਦੋਨਾਂ ਦੀ ਮਹੱਤਤਾ ਕਿਸੇ ਤਰ੍ਹਾਂ ਦੀ ਇਕ ਦੂਸਰੇ ਤੋਂ ਘੱਟ ਨਹੀਂ। ਅਧਿਆਤਮਕ ਖੇਤਰ ਦਾ ਵਾਸਤਾ ਬੇਸ਼ੱਕ ਪ੍ਰਭੂ ਨਾਲ ਹੈ ਪਰ ਪ੍ਰਭੂ ਸਰਗੁਣ ਸਰੂਪ ਹੋਣ ਕਾਰਨ ਉਹ ਸੰਸਾਰਕ ਵਿਸ਼ੇ ਵਸਤੂਆਂ ਤੋਂ ਅਲੱਗ ਨਹੀਂ ਹੈ। ਇਨ੍ਹਾਂ ਵਿਸ਼ੇ ਵਸਤੂਆਂ ਨੂੰ ਪਹਿਚਾਣਦੇ ਹੋਏ ਇਨ੍ਹਾਂ ਰਾਹੀਂ ਵੀ ਰੂਹਾਨੀਅਤ ਦੇ ਉੱਚ ਮੰਡਲਾਂ ਵਿਚ ਉਡਾਰੀਆਂ ਲਾ ਸਕਣਾ ਸੰਭਵ ਹੈ। ਗੁਰਮਤਿ ਦੀ ਇਹ ਵਿਸ਼ੇਸ਼ਤਾ ਹੈ ਕਿ ਮਨੁੱਖਾ ਜੀਵਨ ਜੀਊਂਦਿਆਂ, ਖਾਂਦਿਆਂ, ਪੀਂਦਿਆਂ, ਪਹਿਨਦਿਆਂ, ਹਸਦਿਆਂ ਤੇ ਜੀਵਨ ਦੇ ਸਭ ਸੁਖ ਮਾਣਦੇ ਹੋਏ ਇਕ ਵਿਅਕਤੀ ਦੀ ਪ੍ਰਭੂ ਤਕ ਰਸਾਈਹੋ ਸਕਦੀ ਹੈ। ਇਹ ਸਿਰਫ ਗੁਰੂ ਦੀ ਮਿਹਰ ਸਦਕਾ ਹੀ ਸੰਭਵ ਹੋ ਸਕਦਾ ਹੈ।ਅਜਿਹਾ ਹੀ ਇਕ ਵਿਅਕਤੀ ਵਿਸ਼ੇਸ਼ ੧੪੬੯ ਈ. ਵਿਚ ਪੰਜਾਬ ਦੀ ਧਰਤੀ 'ਤੇ ਪ੍ਰਕਾਸ਼ਮਾਨ ਹੋਇਆ ਜੋ ਅਕਾਲ ਰੂਪ ਸੀ ਦੁਖੀਆਂ ਦਾ ਦਰਦਮੰਦ, ਅੰਧੇਰੇ ਵਿਚ ਭਟਕ ਰਹੀ ਲੋਕਾਈ ਲਈ ਚਾਨਣ-ਮੁਨਾਰਾ ਸੀ, ਇਸ ਨੇ ਸਦੀਆਂ ਤੋਂ ਲੋਕਾਂ ਦੇ ਜ਼ਿਹਨ ਵਿਚ ਭਰੇ ਅਗਿਆਨਤਾ ਦੇ ਹਨ੍ਹੇਰੇ ਨੂੰ ਨਾਸ ਕਰਕੇ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦੇ ਮਾਰਗ 'ਤੇ ਆਇਆ। ਗੁਰੂ ਨਾਨਕ ਪਾਤਸ਼ਾਹ ਜੀ ਇਕ ਪੂਰਨ ਤੇ ਸਤਿ ਰੂਪੀ ਗੁਰੂ ਸਨ, ਹਨ ਅਤੇ ਹਮੇਸ਼ਾ ਰਹਿਣਗੇ।ਗੁਰੂ ਨਾਨਕ ਪਾਤਸ਼ਾਹ ਜੀ ਦੇ ਆਗਮਨ ਸਮੇਂ ਜੋ ਸਮਾਜਕ ਤੇ ਰਾਜਨੀਤਕ ਹਾਲਾਤ ਸਨ, ਉਨ੍ਹਾਂ ਬਾਰੇ ਗੁਰਬਾਣੀ ਵਿਚੋਂ ਪੂਰੀ ਜਾਣਕਾਰੀ ਮਿਲ ਜਾਂਦੀ ਹੈ। ਉਨ੍ਹਾਂ ਹਾਲਾਤ ਨੂੰ ਨਾ ਦੁਹਰਾਉਂਦੇ ਹੋਏ ਸੰਖੇਪ ਵਿਚ ਇਤਨੀ ਗੱਲ ਹੀ ਕਹਿ ਦੇਣੀ ਵਾਜਬ ਹੋਵੇਗੀ ਕਿ ਬ੍ਰਾਹਮਣ ਦੇ ਸਦੀਆਂ ਤੋਂ ਚਲੇ ਆ ਰਹੇ ਦਬਦਬਾ ਕਾਰਨ ਆਮ ਜਨ ਸਮੂਹ ਅਨਪੜ੍ਹ ਅਤੇ ਅਗਿਆਨੀ ਸੀ। ਉਹ ਆਪਣੇ ਲਾਭ-ਹਾਨੀ ਨੂੰ ਵਿਚਾਰ ਸਕਣ ਦੇ ਅਸਮਰੱਥ ਸੀ। ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ ਬ੍ਰਾਹਮਣ ਦਾ ਹੀ ਕਰਮ ਸੀ। ਵਿਦਿਆ ਪ੍ਰਾਪਤੀ ਦੀ ਖੁੱਲ੍ਹ ਬ੍ਰਾਹਮਣ ਜਾਂ ਖੱਤਰੀ ਦੇ ਬੱਚਿਆਂ ਨੂੰ ਹੀ ਸੀ। ਇਸਤਰੀ ਜਾਤੀ ਨੂੰ ਪੜ੍ਹਨ ਦੀ ਆਗਿਆ ਤਾਂ ਬਿਲਕੁਲ ਹੀ ਨਹੀਂ ਸੀ। ਜੇ ਅੰਦਾਜ਼ਾ ਲਾਇਆ ਜਾਏ ਤਾਂ ੮੦% ਤੋਂ ਵੱਧ ਲੋਕ ਅਨਪੜ੍ਹ ਸਨ। ਜੋ ੨੦% ਪੜ੍ਹੇ ਲਿਖੇ ਸਨ, ਉਨ੍ਹਾਂ ਨੂੰ ਅਖੌਤੀ ਦੇਵ ਭਾਸ਼ਾ ਤੋਂ ਵੱਧ ਕੁਝ ਨਹੀਂ ਸੀ ਆਉਂਦਾ।ਜੋ ਵੇਦ ਪੜ੍ਹਨ ਦੇ ਤਾਂ ਅਨੁਕੂਲ ਸੀ ਪਰ ਕਾਰ-ਵਿਹਾਰ ਦੇ ਲਈ ਕਿਸੇ ਤਰ੍ਹਾਂ ਵੀ ਸਹਾਈ ਨਹੀਂ ਹੋ ਸਕਦੀ ਸੀ। ਤੁਰਕਾਂ ਦੇ ਭਾਰਤ ਵਿਚ ਆਉਣ ਨਾਲ ਇਹ ਹਾਲਤ ਹੋਰ ਵੀ ਮਾੜੀ ਹੋ ਗਈ। ਜਨ ਸਮੂਹ ਨੂੰ ਹਮੇਸ਼ਾ ਦਬਾਈ ਰੱਖਣ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਅਗਿਆਨ 'ਚ ਰੱਖਿਆ ਜਾਵੇ, ਉਹ ਆਪਣੇ ਹੱਕਾਂ ਤੋਂ ਕਦੇ ਵੀ ਜਾਣੂ ਨਾ ਹੋ ਸਕਣ। ਕਾਰ-ਵਿਹਾਰ ਦੇ ਛੋਟੇ-ਮੋਟੇ ਮਾਮਲਿਆਂ ਲਈ ਵੀ ਉਹ ਬ੍ਰਾਹਮਣ ਜਾਂ ਤੁਰਕ ਹਾਕਮਾਂ 'ਤੇ ਨਿਰਭਰ ਰਹਿਣ। ਇਸ ਤਰ੍ਹਾਂ ਲੁੱਟ-ਖਸੁੱਟ ਨੂੰ ਹਵਾ ਮਿਲੀ। ਵਪਾਰੀ ਤਬਕੇ ਨੇ ਤਾਂ ਇਸ ਸਮੱਸਿਆ ਦਾ ਹੱਲ ਆਪਣੀ ਹੀ ਸੰਕੇਤਕ ਭਾਸ਼ਾ (ਲੰਡੇ ਆਦਿ) ਨੂੰ ਪ੍ਰਚੱਲਤ ਕਰਕੇ ਭਾਲ ਲਿਆ ਅਤੇ ਬ੍ਰਾਹਮਣਾਂ ਦੀ ਦਖ਼ਲਅੰਦਾਜ਼ੀ ਤੋਂ ਆਪਣੇ ਆਪ ਨੂੰ ਮੁਕਤ ਕਰ ਲਿਆ। ਸ਼ੂਦਰ ਅਤੇ ਹੋਰ ਕੰਮੀ ਲੋਕਾਂ ਦਾ ਅਗਿਆਨਤਾ ਕਾਰਨ ਸ਼ੋਸ਼ਣ ਹੁੰਦਾ ਰਿਹਾ।ਜੇ 'ਸਿੱਖ' ਸ਼ਬਦ ਨੂੰ ਸੰਸਕ੍ਰਿਤ ਦੇ 'ਸ਼ਿਸ਼' ਤੋਂ ਬਣਿਆ ਮੰਨ ਲਈਏ ਤਾਂ ਸਿੱਖ ਕਦੇ ਅਗਿਆਨੀ ਨਹੀਂ ਹੋ ਸਕਦਾ, ਜੋ ਸਾਰੀ ਉਮਰ ਲਈ ਸਿੱਖ ਹੈ ਉਹ ਸਾਰੀ ਉਮਰ ਲਈ ਹੀ ਸਿਖਿਆਰਥੀ ਹੈ। ਗੁਰੂ ਅਤੇ ਗੁਰਬਾਣੀ ਦਾ ਪੱਲਾ ਪਕੜ ਕੇ ਉਸ ਨੇ ਆਪਣੇ ਜੀਵਨ | ਕਾਲ ਵਿਚ ਸੱਚ ਦੀ ਭਾਲ ਵਿਚ ਜਤਨਸ਼ੀਲ ਰਹਿਣਾ ਹੈ। ਉਹ ਤਾਂ ਸੱਚ ਦਾ ਮੁਤਲਾਸ਼ੀ ਹੈ। ਸਿੱਖ ਦੀ ਸਿਖਿਆ ਇਕ ਵਿਦਿਆਰਥੀ ਵਾਂਗੂੰ ਸਿਰਫ ਕਿਤਾਬਾਂ ਤਕ ਸੀਮਤ ਨਹੀਂ ਰਹਿਣੀ। ਗੁਰੂ ਦੀ ਸਿੱਖਿਆ ਰਾਹੀਂ ਉਸ ਨੇ ਇਕ ਪੂਰਨ ਮਨੁੱਖ, ਇਕ ਆਦਰਸ਼ ਮਨੁੱਖ ਇਕ ਖਾਲਸਾ ਬਣਨਾ ਹੈ। ਇਸ ਵਿਚ ਅਮਲੀ ਜੀਵਨ ਦੀ ਬੇਹੱਦ ਮਹੱਤਤਾ ਹੈ।ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸੇ ਆਦਰਸ਼ ਮਨੁੱਖ ਦੀ ਸਿਰਜਣਾ ਦਾ ਕਾਰਜ ਅਰੰਭਿਆ। ਮਨੁੱਖਾ ਜਨਮ ਦੇ ਉਦੇਸ਼ ਨੂੰ ਪਰਿਭਾਸ਼ਤ ਕੀਤਾ ਅਤੇ ਉਸ ਉਦੇਸ਼ ਦੀ ਪ੍ਰਾਪਤੀਲਈ ਮਾਰਗ ਵੀ ਮਿਥਿਆ। ਮੱਧਕਾਲੀਨ ਦੇ ਦੂਸਰੇ ਸਿਖਿਅਕਾਂ ਵਾਂਗੂ ਬਾਬੇ ਨਾਨਕ ਨੇ ਆਪਣੇ ਪੈਰੋਕਾਰਾਂ ਨੂੰ ਕੰਮ-ਕਾਰ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਸਿਰਫ਼ ਅਧਿਆਤਮਕ ਮਾਰਗ ਦਾ ਪਾਂਧੀ ਹੀ ਨਹੀਂ ਬਣਾਇਆ ਸਗੋਂ ਉਨ੍ਹਾਂ ਦੀ ਹਾਲਤ ਨੂੰ ਸੰਵਾਰਨ ਲਈ ਵੀ ਪੂਰਨ ਯੋਜਨਾ ਬਣਾਈ। ਕਿਰਤ ਕਰੋ ਇਸ ਯੋਜਨਾ ਦਾ ਇਕ ਅਹਿਮ ਪੱਖ ਸੀ।ਰੱਬੀ ਗਿਆਨ ਦੇ ਨਾਲ ਨਾਲ ਪਾਤਸ਼ਾਹ ਜੀ ਨੇ ਹਰ ਸਿੱਖ ਨੂੰ ਦੁਨੀਆਂਦਾਰੀ ਵਿਚ ਵਿਚਰਨ ਲਈ ਅਤੇ ਆਪਣੇ ਆਲੇ-ਦੁਆਲੇ ਤੋਂ ਬਾਖ਼ਬਰ ਰਹਿਣ ਲਈ ਵੀ ਯੋਗ ਪ੍ਰਬੰਧ ਕੀਤੇ। ਸਾਨੂੰ ਇਸ ਗੱਲ ਨੂੰ ਮਨ ਵਿਚ ਰੱਖਣਾ ਪਵੇਗਾ ਕਿ ਸਦੀਆਂ ਤੋਂ ਲਿਤਾੜੀ ਲੋਕਾਈ ਨੇ ਗੁਰੂ ਪਾਤਸ਼ਾਹਾਂ ਦੇ ਬਚਨਾਂ ਅਤੇ ਅਮਲੀ ਜੀਵਨ ਵਿਚ ਸੁਤੰਤਰਤਾ ਦੀ ਖੁਸ਼ਬੂ ਮਹਿਸੂਸ ਕੀਤੀ। ਉਨ੍ਹਾਂ ਦੇ ਪੈਰੋਕਾਰਾਂ ਵਿਚ ਬ੍ਰਾਹਮਣ ਤਾਂ ਉੱਕਾ ਹੀ ਨਹੀਂ ਸਨ। ਖੱਤਰੀ ਨਾ-ਮਾਤਰ ਹੀ ਸਨ ਅਤੇ ਵਧੇਰੇ ਦੂਸਰੇ ਵਰਨਾਂ ਦੇ ਲੋਕ ਸਨ, ਸਾਰੇ ਹੀ ਅਨਪੜ੍ਹ ਸਨ। ਸਭ ਤੋਂ ਪਹਿਲਾਂ ਇਨ੍ਹਾਂ ਅਤੇ ਇਨ੍ਹਾਂ ਦੀ ਆਉਣ ਵਾਲੀ ਪੀੜ੍ਹੀ ਨੂੰ ਵਿਦਿਆ ਦੀ ਵਡਮੁੱਲੀ ਦਾਤ ਨਾਲ ਨਿਵਾਜਣਾ ਜ਼ਰੂਰੀ ਸੀ।ਗੁਰੂ ਨਾਨਕ ਪਾਤਸ਼ਾਹ ਦੀਆਂ ਸਥਾਪਤ ਧਰਮਸ਼ਾਲਾਵਾਂ ਜਿਥੇ ਸੰਗਤਾਂ ਸਵੇਰੇ-ਸ਼ਾਮ ਪ੍ਰਭੂ ਦੇ ਗੁਣ ਗਾਉਂਦੀਆਂ ਸਨ, ਉਹ ਬਾਕੀ ਸਮੇਂ ਵਿਦਿਆ ਦੇ ਪ੍ਰਸਾਰਣ ਲਈ ਵਰਤੀਆਂ ਜਾਂਦੀਆਂ ਸਨ। ਹਰ ਗੁਰਦੁਆਰੇ ਦੇ ਨਾਲ ਹੀ ਸਕੂਲ/ਪਾਠਸ਼ਾਲਾ ਦੇ ਹੋਣ ਦੀ ਰਵਾਇਤ ਉਦੋਂ ਦੀ ਚਲੀ ਆ ਰਹੀ ਹੈ। ਅੱਜਕਲ੍ਹ ਸਿੱਖ ਭਾਈਚਾਰਾ ਇਸ ਪੱਖੋਂ ਬੇਹੱਦ ਅਵੇਸਲਾ ਹੋ ਚੁਕਿਆ ਹੈ। ਸਿਖਿਆ ਦੇ ਖੇਤਰ ਦੇ ਚਿੰਤਕ ਇਹ ਗੱਲ ਕਬੂਲਦੇ ਹਨ ਕਿ ਵਿਦਿਆ ਦੇ ਪ੍ਰਭਾਵਸ਼ਾਲੀ -ਪ੍ਰਸਾਰਣ ਲਈ ਸਿਖਿਆਰਥੀ ਦੀ ਮਾਨਸਿਕ ਗ੍ਰਹਿਣਸ਼ੀਲਤਾ ਨੂੰ ਮੁੱਖ ਰੱਖਦੇ ਹੋਏ ਵੱਖ ਵੱਖ ਕਾਰਜ ਵਿਧੀਆਂ ਅਪਣਾਉਣ ਦੀ ਲੋੜ ਹੁੰਦੀ ਹੈ। ਪੁਸਤਕਾਂ ਤੋਂ ਪੜ੍ਹਿਆ ਸਿਧਾਂਤਕ ਗਿਆਨ ਕਿਸੇ ਵੀ ਵਿਸ਼ੇ ਨੂੰ ਤੱਤ ਸਾਰ ਤਕ ਸਮਝਣ ਵਿਚ ਸਹਾਇਤਾ ਨਹੀਂ ਕਰਦਾ। ਇਸ ਦੇ ਨਾਲ ਨਾਲ ਅਮਲੀ ਸਿੱਖਿਆ ਵੀ ਲੋੜੀਂਦੀ ਹੈ।




ਆਧੁਨਿਕ ਵਿਦਿਆ ਕਾਰਜ-ਵਿਧੀ ਨੇ ਸਿਧਾਂਤਕ ਗਿਆਨ ਅਤੇ ਅਮਲੀ ਸਿੱਖਿਆ ਵਿਚਕਾਰ ਸੁਣਨ ਅਤੇ ਦਰਸ਼ੀ ਸਾਧਨਾਂ ਦੀ ਅਹਿਮੀਅਤ ਨੂੰ ਪਛਾਣ ਕੇ ਇਸ ਦੀ ਯੋਗ ਵਰਤੋਂ ਸ਼ੁਰੂ ਕੀਤੀ। ਅੱਜਕਲ੍ਹ ਹਰ ਗੱਲ ਨੂੰ ਉਚਿਤ ਢੰਗ ਨਾਲ ਸਮਝਾਉਣ ਲਈ ਤਰਕਪੂਰਨ ਪਹੁੰਚ 'ਤੇ ਜ਼ੋਰ ਦਿੱਤਾ ਜਾਂਦਾ ਹੈ।ਗੁਰੂ ਨਾਨਕ ਪਾਤਸ਼ਾਹ ਦੇ ਜੀਵਨ 'ਤੇ ਝਾਤ ਮਾਰਿਆਂ ਉਨ੍ਹਾਂ ਵੱਲੋਂ ਅਪਣਾਏ ਤੌਰ-ਤਰੀਕੇ ਆਧੁਨਿਕ ਵਿਧੀਆਂ ਤੋਂ ਘੱਟ ਨਹੀਂ ਸਨ। ਬਾਬੇ ਨਾਨਕ ਨੇ ਹਰ ਗੱਲ ਬੜੇ ਤਾਰਕਿਕ ਢੰਗ ਨਾਲ ਸਮਝਾਈ। ਅਨੇਕਾਂ ਵਾਰੀ ਉਨ੍ਹਾਂ ਨੇ ਨਿੱਜੀ ਸੰਪਰਕ ਰਾਹੀਂ ਗੱਲ ਨੂੰ ਸਮਝਾਇਆ ਤੇ ਇਸ ਤਰ੍ਹਾਂ ਕਿ ਦੇਖਣ ਵਾਲੇ ਚਾਹੇ ਉਹ ਤਮਾਸ਼ਬੀਨ ਸਨ ਜਾਂ ਵਾਸਤਵਿਕ ਜਗਿਆਸੂ-ਪ੍ਰਭਾਵਤ ਹੋਣੋਂ ਨ ਰਹਿ ਸਕੇ।ਇਸ ਸੰਬੰਧ ਵਿਚ ਹਰਦੁਆਰ ਵਿਖੇ ਵਾਪਰੀਆਂ ਦੋ ਘਟਨਾਵਾਂ ਦਾ ਨਾ-ਮਾਤਰ ਵੇਰਵਾ ਦਿੱਤਾ ਜਾ ਸਕਦਾ ਹੈ। ਇਕ ਤਾਂ ਸੂਰਜ ਨੂੰ ਪਾਣੀ ਅਰਪਣ ਕਰਨ ਵਾਲੀ ਸਾਖੀ ਦਾ ਅਤੇ ਦੂਸਰਾ, ਉਸ ਸਾਖੀ ਦਾ ਜਿਸ ਵਿਚ ਭਾਈ ਮਰਦਾਨਾ ਇਕ ਸਾਧ ਕੋਲੋਂ ਅੱਗ ਲੈਣ ਜਾਂਦਾ ਹੈ ਅਤੇ ਨੀਚੀ ਜਾਤ ਦੇ ਵਿਅਕਤੀ ਦੇ ਪ੍ਰਛਾਵੇਂ ਕਾਰਨ ਚੌਂਕੇ ਦੇ ਭਿੱਟ ਜਾਣ ਦੇ ਦੋਸ਼ ਵਿਚ ਉਹ ਭਾਈ ਮਰਦਾਨੇ ਨੂੰ ਮਾਰਨ ਭੱਜਦਾ ਹੈ।ਜਨੇਊ ਦੀ ਰਸਮ ਸਮੇਂ ਪਵਿੱਤਰ ਗਰਦਾਨੇ ਜਾਂਦੇ ਸੂਤ ਦੇ ਧਾਗੇ ਦੇ ਆਤਮਕ ਗੁਣਾਂ ਬਾਰੇ ਪ੍ਰਸ਼ਨ ਕਰਕੇ ਸਾਰੇ ਹਾਜ਼ਰ ਅੰਧ-ਵਿਸ਼ਵਾਸੀਆਂ ਦੀ ਅਗਿਆਨਤਾ 'ਤੇ ਕਰਾਰੀ ਚੋਟ ਮਾਰੀ ਤੇ ਅਜਿਹੇ ਜਨੇਊ ਦੀ ਰੂਪ-ਰੇਖਾ ਚਿਤਰੀ ਜਿਸ ਦੇ ਪਹਿਨਣ/ਧਾਰਨ ਕਰਨ ਨਾਲ ਆਤਮਕ ਜੀਵਨ ਸੰਵਰਦਾ ਹੈ। ਇਸ ਦੇ ਨਾਲ ਹੀ ਹਿੰਦੂ ਧਰਮ ਵਿਚ ਖੋਖਲੀਆਂ ਰੀਤਾਂ ਨੂੰ ਵੀ ਪ੍ਰਦਰਸ਼ਿਤ ਕਰ ਦਿੱਤਾ ਜੋ ਬ੍ਰਾਹਮਣ ਨੇ ਆਪਣੇ ਸਵਾਰਥ ਹਿੱਤ ਪ੍ਰਚੱਲਤ ਕਰ -ਰੱਖੀਆਂ ਸਨ। ਗੁਰੂ ਨਾਨਕ ਪਾਤਸ਼ਾਹ ਨੇ ਸ਼ੁਭ ਕਰਮਾਂ 'ਤੇ ਗੁਣਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਪ੍ਰਮਾਣ ਪੱਤਰ ਮੰਨਿਆ ਹੈ ਨਾ ਕਿ ਧਾਗੇ ਟਿੱਕਿਆਂ ਨੂੰ।ਗੁਰੂ ਨਾਨਕ ਸਾਹਿਬ ਦੀ ਦੁਨਿਆਵੀ ਸਿੱਖਿਆ ਵੀ ਅਰਥ ਭਰਪੂਰ ਸੀ ਜੋ ਇਸ ਜੀਵਨ ਵਿਚ ਇਕ ਵਿਅਕਤੀ ਨੂੰ ਉੱਚ ਆਚਰਣ ਪ੍ਰਦਾਨ ਕਰਾਉਂਦੀ, ਉਸ ਨੂੰ ਨੇਕ ਕੰਮ ਕਰਨ ਲਈ ਉਤਸ਼ਾਹਤ ਕਰਦੀ ਅਤੇ ਇਸ ਤਰ੍ਹਾਂ ਮਾਨਸਿਕ ਤਣਾਅ ਅਤੇ ਨਿੱਜ ਦੋਸ਼ਾਂ ਤੋਂ ਮੁਕਤ ਰੱਖਦੀ ਮਿਹਨਤ ਅਤੇ ਇਮਾਨਦਾਰੀ ਨਾਲ ਕੀਤੀ ਕਿਰਤ ਕਮਾਈ ਦੀ ਨਿਆਮਤ 'ਤੇ ਜ਼ੋਰ ਦਿੱਤਾ ਕਿਉਂਕਿ ਇਸ ਦੇ ਨਾਲ ਇਕ ਵਿਅਕਤੀ ਤਣਾਅ ਰਹਿਤ ਜੀਵਨ ਜੀਉਂ ਸਕਦਾ ਹੈ। ਗੁਰੂ ਪਾਤਸ਼ਾਹ ਜੀ ਦਾ ਇਹ ਅਟੁੱਟ ਵਿਸ਼ਵਾਸ ਕਿ ਆਪਣੇ ਬੱਚਿਆਂ ਦੀਆਂ ਜ਼ਰੂਰੀ ਲੋੜਾਂ ਨੂੰ ਵਧੇਰੇ ਅਤੇ ਲੋੜੀਂਦੀ ਤਵੱਜੋਂ ਬਖ਼ਸ਼ਦਾ ਹੋਵੇਗਾ। ਪਰ ਮਨੁੱਖ ਦਾ ਫਰਜ਼ ਹੈ ਕਿ ਉਹ ਨਿਸ਼ਕਪਟ ਅਤੇ ਸੁੱਚੀ ਕਿਰਤ ਕਰੇ। ਗੁਰੂ ਨਾਨਕ ਸਾਹਿਬ ਨੇ ਲੋਕਾਂ ਦੇ ਹਿਰਦਿਆਂ ਵਿਚ ਰੱਬ ਸੰਬੰਧੀ ਪਏ ਭੁਲੇਖਿਆਂ ਤੋਂ ਵੀ ਮੁਕਤੀ ਦਿਲਾਉਣੀ ਸੀ। ਪਰਮਾਤਮਾ ਤਕ ਪਹੁੰਚਣ ਦੇ ਪ੍ਰਚੱਲਤ ਬੇਅਰਥੇ ਵਿਧੀ ਵਿਧਾਨਾਂ, ਕਰਮਕਾਂਡਾਂ ਨੂੰ ਬ੍ਰਾਹਮਣ ਸਾਹਮਣੇ ਹੀ ਖੰਡਨ ਕਰਕੇ ਪ੍ਰਭੂ ਨੂੰ ਆਪਣੇ ਅਤੇ ਉਸ ਦੀ ਸਾਜੀ ਸ੍ਰਿਸ਼ਟੀ ਅੰਦਰ ਦੇਖਣ ਦੀ ਸਿਖਿਆ ਨਾ ਕੇਵਲ ਇਕ ਸਾਹਸੀ ਕ੍ਰਾਂਤੀਕਾਰੀ ਦਾ ਕਰਮ ਹੈ ਬਲਕਿ ਇਕ ਸੂਰਮੇ ਗੁਰੂ ਦਾ ਧਰਮ ਵੀ ਹੈ। ਗੁਰੂ ਬਾਬੇ ਨੇ ਇਸੇ ਲਈ ਅਨੇਕਾਂ ਕਰਮਕਾਂਡਾਂ ਦਾ ਖੰਡਨ ਕਰਨ ਦੇ ਨਾਲ ਹੀ ਇਕ ਪ੍ਰਭੂ ਦੀ ਇਕੋ ਇਕ ਵਿਧੀ ਨਾਲ ਪੂਜਾ ਕਰਨ 'ਤੇ ਜ਼ੋਰ ਦਿੱਤਾ।ਉਹ ਵਿਧੀ ਸੀ ਉਸ ਦੇ ਬੇਅੰਤ ਅਤੇ ਅਸੀਮ ਗੁਣਾਂ ਨੂੰ ਪਿਆਰ ਵਿਚ ਗੜੂੰਦ ਹੋ ਕੇ ਯਾਦ ਕਰਨਾ। ਜਦੋਂ ਤਕ ਪਿਆਰ ਨਹੀਂ ਉਦੋਂ ਤਕ ਸਮਰਪਣ ਨਹੀਂ ਹੋ ਸਕਦਾ ਅਤੇ ਜਦੋਂ ਤਕ ਸਮਰਪਣ ਨਹੀਂ ਹੁੰਦਾ ਉਦੋਂ ਤਕ ਹਉਮੈ ਬਲਵਾਨ ਰਹਿੰਦੀ ਹੈ।

ਮਾਇਆ ਦੀ ਖਿੱਚ ਪ੍ਰਬਲ ਰਹਿੰਦੀ ਹੈ। ਮਨੁੱਖ ਆਰਜ਼ੀ ਸੁਖਾਂ ਦੀ ਭੁੱਖ ਤੋਂ ਮੁਕਤ ਨਹੀਂ ਹੋ ਸਕਦਾ। ਸਦੀਵੀ ਸੁਖ ਤਾਂ ਪ੍ਰਭੂ ਦੇ ਨਾਮ ਜਪਣ ਅਤੇ ਆਤਮ ਸਮਰਪਣ ਵਿਚ ਹੈ।ਗੁਰੂ ਨਾਨਕ ਸਾਹਿਬ ਨੇ ਇਹ ਗੱਲ ਨਿਡਰ ਹੋ ਕੇ ਪ੍ਰਚਾਰੀ ਕਿ ਪ੍ਰਭੂ ਤਕ ਪਹੁੰਚਣ ਦਾ ਹੱਕ ਕਿਸੇ ਇਕ ਵਰਨ ਦਾ ਰਾਖਵਾਂ ਨਹੀਂ। ਹਰ ਬਾਲਕ ਨੂੰ ਆਪਣੇ ਪਿਤਾ ਪਾਸ ਆਪਣੇ ਦਿਲ ਦੀ ਵੇਦਨਾ ਕਹਿਣ ਦਾ ਉਸ ਪਰਮਾਤਮਾ ਵੱਲੋਂ ਪ੍ਰਾਪਤ ਪੂਰਾ ਅਧਿਕਾਰ ਹੈ।ਜਿਸ ਵਾਤਾਵਰਨ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਲੋਕਾਈ ਨੂੰ ਆਪਣੇ ਅਧਿਕਾਰਾਂ ਵੱਲੋਂ ਜਾਗ੍ਰਿਤ ਕਰਨ ਦਾ ਕਾਰਜ ਆਰੰਭਿਆ, ਉਹ ਇਕ ਅਦੁੱਤੀ ਵਿਅਕਤੀਤਵ ਵਾਲੇ ਮਨੁੱਖ ਦਾ ਨਹੀਂ ਸੀ ਸਗੋਂ ਇਕ ਨਿਰੰਕਾਰ ਰੂਪੀ ਪਰਮ-ਮਨੁੱਖ ਦਾ ਸੀ ਜੋ ਗੁਰੂ ਸੀ, ਵਿਲੱਖਣ ਸਿਖਿਅਕ ਸੀ ਅਤੇ ਲੋਕਾਂ ਦਾ ਮਹਿਰਮ ਵੀ। ਭਾਰਤ ਦੀ ਸਦੀਆਂ ਤੋਂ ਲਿਤਾੜੀ ਦੇਹ ਨੂੰ ਸੁਰਜੀਤ ਕਰਨ ਦਾ ਅਲੰਬਰਦਾਰ ਵੀ।

**ਕਰਨਲ ਦੇਵਿੰਦਰ ਸਿੰਘ (ਰਿਟਾਇਰਡ)**

# "ਤੀਸਰੇ ਘੱਲੂਘਾਰੇ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਦਮਦਮੀ ਟਕਸਾਲ ਵਿਖੇ ਵਿਸ਼ਾਲ ਪੰਥਕ ਇਕੱਠ, ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ"

## ਸੰਤ ਭਿੰਡਰਾਂਵਾਲਿਆਂ ਦੀ ਸ਼ਹਾਦਤ ਤੇ ਵਿਰਾਸਤ ਨੂੰ ਸਮਰਪਿਤ ਵਿਸ਼ਾਲ ਸਮਾਗਮ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੀ ਉੱਠੀ ਮੰਗ













ਚੌਂਕ ਮਹਿਤਾ-ਜੂਨ 1984 ਦੇ ਤੀਸਰੇ ਘੱਲੂਘਾਰੇ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਅੱਜ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਵਿਖੇ ਮਨਾਈ ਗਈ। ਇਸ ਮੌਕੇ ਲਾਮਿਸਾਲ ਇਕੱਤਰਤਾ ਰਾਹੀਂ ਸ਼ਹੀਦਾਂ ਨੂੰ ਸਿੱਜਦਾ ਕੀਤਾ ਗਿਆ।ਅੰਤਰਰਾਸ਼ਟਰੀ ਪੱਧਰ 'ਤੇ ਹੋਏ ਇਸ ਸਮਾਗਮ ਦੌਰਾਨ ਵਿਸ਼ਾਲ ਪੰਥਕ ਇਕੱਠ ਕੀਤਾ ਗਿਆ, ਜਿਸ ਵਿੱਚ ਸੰਤ ਸਮਾਜ ਦੇ ਸੰਤ-ਮਹਾਂਪੁਰਸ਼ਾਂ, ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ ਤੇ ਮੈਂਬਰਾਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਹੋਰ ਸੰਪਰਦਾਵਾਂ ਦੇ ਮੁਖੀਆਂ ਤੋਂ ਇਲਾਵਾ ਬਹੁਤ ਸਾਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਇਸ ਮੌਕੇ ਆਪਣੇ ਸ਼ਹੀਦਾਂ ਦੇ ਸਤਿਕਾਰ 'ਚ ਆਪ ਮੁਹਾਰੇ ਵਹੀਰਾਂ ਘੱਤ ਕੇ ਲੱਖਾਂ ਦੀ ਗਿਣਤੀ ਵਿੱਚ ਦਮਦਮੀ ਟਕਸਾਲ ਪੁੱਜੀਆਂ ਸੰਗਤਾਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਦਮਦਮੀ ਟਕਸਾਲ ਜਥਾ ਭਿੰਡਰਾਂ ਨੇ ਆਪਣੀ ਰਹਿਤ ਮਰਯਾਦਾ ਅਤੇ ਸਿਧਾਂਤਾਂ ਨੂੰ ਇੰਨ-ਬਿੰਨ ਕਾਇਮ ਰੱਖਿਆ ਹੈ ਅਤੇ ਆਪਣੇ ਅਸੂਲਾਂ 'ਤੇ ਚੱਲਦਿਆਂ ਹਮੇਸ਼ਾਂ ਆਪਣੀ ਉੱਚੀ ਤੇ ਸੱਚੀ-ਸੁੱਚੀ ਸੋਚ 'ਤੇ ਡੱਟ ਕੇ ਪਹਿਰਾ ਦਿੱਤਾ ਹੈ।ਇਸ ਮੌਕੇ ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਤੋਂ ਇਲਾਵਾ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਅਤੇ ਬੰਦੀ ਸਿੰਘਾਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਵਾਰ ਵਿਸ਼ੇਸ਼ 'ਸੇਵਾ ਰਤਨ ਸਨਮਾਨ' ਸੰਤ ਬਾਬਾ ਰਾਮ ਸਿੰਘ ਰਿਸ਼ੀਕੇਸ਼ ਨੂੰ ਦਿੱਤਾ ਗਿਆ।ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਗੁਰੂ ਕਾਲ ਤੋਂ ਬਾਅਦ ਜੇ ਕਿਸੇ ਮਹਾਨ ਸਿੱਖ ਸ਼ਖਸੀਅਤ ਨੂੰ ਸਭ ਤੋਂ ਵੱਧ ਸਤਿਕਾਰ ਅਤੇ ਸਨਮਾਨ ਪ੍ਰਾਪਤ ਹੋਇਆ ਹੈ, ਤਾਂ ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਹਿੱਸੇ ਆਇਆ ਹੈ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਵਰਗੇ ਸੂਰਬੀਰ ਯੋਧੇ, ਪਰਉਪਕਾਰੀ ਅਤੇ ਗੁਰਸਿੱਖ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਨੂੰ ਗੁਰੂ ਮਹਾਰਾਜ ਵੱਲੋਂ ਵਿਸ਼ੇਸ਼ ਬਖ਼ਸ਼ਿਸ਼ਾਂ ਅਤੇ ਗੁਣਾਂ ਨਾਲ ਨਿਵਾਜਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜੂਨ 1984 ਵਿੱਚ ਸਿੱਖ ਕੌਮ ਦੀ ਅਣਖ ਨੂੰ ਮਲੀਆਮੇਟ ਕਰਨ ਲਈ ਬੜੀ ਸੋਚੀ-ਸਮਝੀ ਸਾਜ਼ਿਸ਼ ਤਹਿਤ ਤਤਕਾਲੀ ਇੰਦਰਾ ਗਾਂਧੀ ਦੀ ਕਾਂਗਰਸ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ 37 ਗੁਰਦੁਆਰਿਆਂ ਉੱਤੇ ਹਮਲਾ ਕੀਤਾ ਗਿਆ ਸੀ। ਇਸ ਦੌਰਾਨ ਆਪਣੇ ਗੁਰਧਾਮਾਂ ਦੀ ਰੱਖਿਆ ਕਰਦਿਆਂ ਦਮਦਮੀ ਟਕਸਾਲ ਦੇ ਸੂਰਬੀਰ ਯੋਧਿਆਂ ਨੇ ਡੱਟ ਕੇ ਜਬਰ ਤੇ ਜ਼ੁਲਮ ਦਾ ਸਾਹਮਣਾ ਕੀਤਾ ਅਤੇ ਸਰਕਾਰੀ ਹੁਕਮਾਂ ਅੱਗੇ ਝੁਕਣ ਦੀ ਬਜਾਏ ਹੱਸਦਿਆਂ ਸ਼ਹਾਦਤਾਂ ਦਾ ਜਾਮ ਪੀਤਾ। ਇਸ ਫ਼ੌਜੀ ਹਮਲੇ ਦੌਰਾਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੈਂਕੜੇ ਬੇਕਸੂਰ ਸੰਗਤਾਂ ਵੀ ਇਸ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋਈਆਂ।ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਨੇ ਉਸ ਸਮੇਂ ਸਿੱਖ ਨੌਜਵਾਨਾਂ ਨੂੰ ਗੁਰਸਿੱਖੀ ਵੱਲ ਪ੍ਰੇਰਿਤ ਕੀਤਾ, ਜਦੋਂ ਸਿੱਖੀ ਤੋਂ ਦੂਰ ਜਾਣ ਦਾ ਰੁਝਾਨ ਵਧ ਰਿਹਾ ਸੀ। ਉਨ੍ਹਾਂ ਨੇ ਸਿੱਖ ਕੌਮ ਦੇ ਰੁਖ਼ ਨੂੰ ਮੁੜ ਗੁਰਸਿੱਖੀ, ਗੁਰਬਾਣੀ ਅਤੇ ਪੰਥਕ ਚੇਤਨਾ ਵੱਲ ਮੋੜਨ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਮੌਕੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਅਤੇ ਬੇਗੁਰਮਤੀ ਦਾ ਬਦਲਾ ਲੈਣ ਵਾਲੇ ਭਾਈ ਕੇਹਰ ਸਿੰਘ ਜੀ, ਭਾਈ ਬੇਅੰਤ ਸਿੰਘ ਜੀ ਅਤੇ ਭਾਈ ਸਤਵੰਤ ਸਿੰਘ ਜੀ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਅਤੇ ਕੌਮ ਪ੍ਰਤੀ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕੇਂਦਰ ਸਰਕਾਰ ਤੋਂ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਨਾਲ ਸਬੰਧਿਤ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਦੇ ਹੱਲ ਲਈ ਵੀ ਠੋਸ ਅਤੇ ਗੰਭੀਰ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਨਸਾਫ਼, ਸੰਵਾਦ ਅਤੇ ਸੰਵਿਧਾਨਕ ਹੱਕਾਂ ਦੇ ਸਤਿਕਾਰ ਰਾਹੀਂ ਹੀ ਪੰਜਾਬ ਅਤੇ ਦੇਸ਼ ਦੀ ਏਕਤਾ ਅਤੇ ਸ਼ਾਂਤੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ ਅਤੇ ਸਿੰਘ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ, ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਤੀਸਰੇ ਘੱਲੂਘਾਰੇ ਦੌਰਾਨ ਦਮਦਮੀ ਟਕਸਾਲ ਦੇ ਸਿੰਘਾਂ ਨੇ ਗੁਰਧਾਮਾਂ ਦੀ ਰੱਖਿਆ ਖ਼ਾਤਰ ਚੜ੍ਹ ਕੇ ਆਈ ਭਾਰਤੀ ਫ਼ੌਜ ਦਾ ਟਾਕਰਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਈਨ ਨਾ ਮੰਨੀ। ਉਨ੍ਹਾਂ ਕਿਹਾ ਕਿ ਇਹ ਮਾਣਮੱਤੀ ਸ਼ਹੀਦੀਆਂ ਦਮਦਮੀ ਟਕਸਾਲ ਦੀ ਵਿਰਾਸਤ ਹਨ ਅਤੇ ਇਸ ਸੰਸਥਾ ਦਾ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਜਥੇਬੰਦੀ ਨੇ ਹਮੇਸ਼ਾਂ ਸਾਰਥਕ ਭੂਮਿਕਾ ਨਿਭਾਈ ਹੈ ਅਤੇ ਸਿਧਾਂਤਾਂ 'ਤੇ ਚੱਲਦਿਆਂ ਬਾਣੀ ਤੇ ਬਾਣੇ ਦਾ ਸਤਿਕਾਰ ਬਰਕਰਾਰ ਰੱਖਦੇ ਹੋਏ 'ਸ਼ਬਦ' ਗੁਰੂ ਦੇ ਪ੍ਰਚਾਰ ਅਤੇ 'ਪੰਥ' ਦੇ ਪ੍ਰਸਾਰ ਲਈ ਵੱਡੀਆਂ ਸੇਵਾਵਾਂ ਕੀਤੀਆਂ ਹਨ, ਜੋ ਨਿਰੰਤਰ ਜਾਰੀ ਹਨ।ਪਾਵਨ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਵੱਲੋਂ ਪਹੁੰਚੇ ਗਿਆਨੀ ਸਰਬਜੀਤ ਸਿੰਘ ਜੀ ਨੇ ਆਪਣੇ ਸੰਬੋਧਨ ਦੌਰਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਨਾਂਦੇੜ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਕੀਤੀ ਗਈ ਬੰਦਗੀ ਅਤੇ ਸੇਵਾ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਥ ਦੀ ਚੜ੍ਹਦੀ ਕਲਾ ਅਤੇ ਸਿੱਖ ਕੌਮ ਦੀ ਅਣਖ ਦੀ ਰੱਖਿਆ ਲਈ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੱਡੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਨੇ ਚੜ੍ਹ ਕੇ ਆਈ ਫ਼ੌਜ ਦਾ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਮੁਕਾਬਲਾ ਕਰਦਿਆਂ ਮੂੰਹ-ਤੋੜ ਜਵਾਬ ਦਿੱਤਾ। ਗਿਆਨੀ ਸਰਬਜੀਤ ਸਿੰਘ ਜੀ ਨੇ ਕਿਹਾ ਕਿ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜੀ ਦੇ ਨਿਰੰਤਰ ਯਤਨਾਂ ਸਦਕਾ ਪੰਥਕ ਚੇਤਨਾ, ਗੁਰਮਤਿ ਪ੍ਰਚਾਰ ਅਤੇ ਸਿੱਖ ਸਰੋਕਾਰਾਂ ਪ੍ਰਤੀ ਵਿਸ਼ੇਸ਼ ਜਾਗਰੂਕਤਾ ਆਈ ਹੈ। ਉਨ੍ਹਾਂ ਦੇ ਯਤਨਾਂ ਨੇ ਸਿੱਖ ਸੰਗਤਾਂ ਨੂੰ ਗੁਰੂ ਘਰ ਅਤੇ ਪੰਥ ਨਾਲ ਹੋਰ ਮਜ਼ਬੂਤੀ ਨਾਲ ਜੋੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਟਕਸਾਲ ਅੱਜ ਵੀ ਬਾਣੀ, ਬਾਣੇ ਅਤੇ ਸਿੱਖ ਸਿਧਾਂਤਾਂ ਨਾਲ ਸੰਗਤਾਂ ਨੂੰ ਜੋੜਨ ਦਾ ਮਹਾਨ ਕਾਰਜ ਨਿਰੰਤਰ ਨਿਭਾ ਰਹੀ ਹੈ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਦਾ ਦੇਸ਼-ਵਿਦੇਸ਼ ਵਿੱਚ ਵਿਸ਼ਾਲ ਪ੍ਰਭਾਵ ਹੈ ਅਤੇ ਇਹ ਸੰਸਥਾ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਪੰਥਕ ਚੇਤਨਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਜੀ ਨੇ ਹਮੇਸ਼ਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦਿੱਤਾ ਹੈ ਅਤੇ ਪੰਥਕ ਮਸਲਿਆਂ 'ਤੇ ਅਹਿਮ ਭੂਮਿਕਾ ਨਿਭਾਈ ਹੈ। ਸਰਦਾਰ ਧਾਮੀ ਨੇ ਕੌਮ ਨੂੰ ਇੱਕਜੁੱਟ ਹੋਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਬੰਦੀ ਸਿੰਘਾਂ ਦੀ ਰਿਹਾਈ ਲਈ ਪੁਰਜ਼ੋਰ ਯਤਨਾਂ ਦੀ ਵਕਾਲਤ ਕੀਤੀ।ਸਰਦਾਰ ਧਾਮੀ ਨੇ ਦਮਦਮੀ ਟਕਸਾਲ ਦੇ ਸ਼ਾਨਾਮੱਤੇ ਇਤਿਹਾਸ 'ਤੇ ਰੌਸ਼ਨੀ ਪਾਉਂਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ 'ਪਾਰਸ ਪੁਰਸ਼' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਨੇ ਆਪਣੀ ਸੰਗਤ ਅਤੇ ਵਿਚਾਰਧਾਰਾ ਨਾਲ ਅਨੇਕਾਂ ਨੌਜਵਾਨਾਂ ਦੀ ਜ਼ਿੰਦਗੀ ਨੂੰ ਬਦਲ ਕੇ ਉਨ੍ਹਾਂ ਨੂੰ ਗੁਰਸਿੱਖੀ ਨਾਲ ਜੋੜਿਆ।ਧਾਮੀ ਨੇ ਕਿਹਾ ਕਿ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਚੜ੍ਹ ਕੇ ਆਈ ਫ਼ੌਜ ਦਾ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਦੁੱਤੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ ਅਤੇ ਸ਼ਹਾਦਤ ਪ੍ਰਾਪਤ ਕਰਦਿਆਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਵਿਰਾਸਤ ਅਤੇ ਰੂਹਾਨੀ ਪਰੰਪਰਾ ਨੂੰ ਕਾਇਮ ਰੱਖਿਆ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਆਪਣੇ ਸੰਬੋਧਨ ਦੌਰਾਨ ਬੰਦੀ ਸਿੱਖਾਂ ਦੀ ਰਿਹਾਈ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਪੰਜਾਬ ਵਿੱਚ ਹੋ ਰਹੇ ਗੈਰ-ਕਾਨੂੰਨੀ ਧਰਮ ਪਰਿਵਰਤਨ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਪੰਥਕ ਅਤੇ ਧਾਰਮਿਕ ਕਾਰਜਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨੂੰ ਭਰੋਸਾ ਦਿਵਾਇਆ ਕਿ ਦਿੱਲੀ ਕਮੇਟੀ ਸਿੱਖ ਸਰੋਕਾਰਾਂ ਦੀ ਰੱਖਿਆ ਅਤੇ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਇਸ ਦੇ ਨਾਲ ਹੀ ਉਨ੍ਹਾਂ ਧਰਮ ਪ੍ਰਚਾਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇੱਕ ਸਾਂਝੀ ਕਮੇਟੀ ਦੇ ਗਠਨ ਦਾ ਸੁਝਾਅ ਵੀ ਦਿੱਤਾ।ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਜੀ ਵੱਲੋਂ ਪਹੁੰਚੇ ਸ੍ਰੀ ਗਿਰੀਸ਼ ਮਹਾਜਨ ਜੀ, ਜਲ ਸਰੋਤ ਮੰਤਰੀ, ਮਹਾਰਾਸ਼ਟਰ ਸਰਕਾਰ ਨੇ 6 ਜੂਨ ਨੂੰ ਸਿੱਖ ਇਤਿਹਾਸ ਦਾ ਇੱਕ ਕਾਲਾ ਦਿਨ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਦਿਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਹਜ਼ਾਰਾਂ ਬੇਗੁਨਾਹ ਲੋਕਾਂ ਦੀ ਸ਼ਹਾਦਤ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਗ਼ਲਤੀ ਅਤੇ ਪਾਪ ਦਾ ਹੀ ਨਤੀਜਾ ਹੈ ਕਿ ਕਾਂਗਰਸ ਦਾ ਦੇਸ਼ ਭਰ ਵਿੱਚੋਂ ਲਗਾਤਾਰ ਸਫ਼ਾਇਆ ਹੋ ਰਿਹਾ ਹੈ। ਉਨ੍ਹਾਂ ਮਹਾਰਾਸ਼ਟਰ ਵਿੱਚ ਸਿੱਖ ਭਾਈਚਾਰੇ ਦੀ ਭਲਾਈ, ਧਾਰਮਿਕ ਅਧਿਕਾਰਾਂ ਦੀ ਰੱਖਿਆ ਅਤੇ ਸਮਾਜਿਕ ਵਿਕਾਸ ਲਈ ਰਾਜ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਚਾਨਣਾ ਪਾਇਆ।ਆਪਣੇ ਸੰਬੋਧਨ 'ਚ ਪੰਥ ਦੇ ਉੱਘੇ ਸਿੱਖ ਪ੍ਰਚਾਰਕ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲਿਆਂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਹਕੂਮਤ ਵੱਲੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕਾਰਵਾਈ ਸੀ, ਪਰ ਦੇਸ਼ ਦਾ ਬਹੁਗਿਣਤੀ ਭਾਈਚਾਰਾ ਇਹ ਭੁੱਲ ਰਿਹਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ 80 ਫ਼ੀਸਦੀ ਕੁਰਬਾਨੀਆਂ ਕੀਤੀਆਂ ਹਨ ਅਤੇ ਜੇ ਸਿੱਖ ਇੰਨੀ ਵੱਡੀ ਗਿਣਤੀ ਵਿੱਚ ਕੁਰਬਾਨੀਆਂ ਨਾ ਕਰਦੇ ਤਾਂ ਅੱਜ ਹਿੰਦੁਸਤਾਨ ਦਾ ਨਕਸ਼ਾ ਕੁਝ ਹੋਰ ਹੁੰਦਾ।ਇਸ ਸਮਾਗਮ ਦੌਰਾਨ ਉੱਘੇ ਸਿੱਖ ਵਿਦਵਾਨ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾਂ ਵਾਲੇ, ਸੰਤ ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ ਵਾਲੇ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਭਾਈ ਹਰਜਿੰਦਰ ਸਿੰਘ ਰਾੜਾ ਸਾਹਿਬ, ਬਾਬਾ ਨਿਹੰਗ ਮੇਜਰ ਸਿੰਘ ਸੋਢੀ, ਰਜਿੰਦਰ ਸਿੰਘ ਮਹਿਤਾ ਤੋਂ ਇਲਾਵਾ ਬਹੁਤ ਸਾਰੇ ਬੁਲਾਰਿਆਂ ਨੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਦਮਦਮੀ ਟਕਸਾਲ ਵੱਲੋਂ ਕੌਮ ਪ੍ਰਤੀ ਨਿਭਾਈਆਂ ਜਾ ਰਹੀਆਂ ਅਹਿਮ ਸੇਵਾਵਾਂ ਲਈ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਸ਼ਲਾਘਾ ਕਰਦਿਆਂ ਹਰ ਪੱਖੋਂ ਟਕਸਾਲ ਦਾ ਸਾਥ ਦੇਣ ਦਾ ਭਰੋਸਾ ਦਿੱਤਾ।ਇਸ ਸਮਾਗਮ ਦੌਰਾਨ ਸਮੂਹ ਬੁਲਾਰਿਆਂ ਨੇ ਦਮਦਮੀ ਟਕਸਾਲ ਵੱਲੋਂ ਬਾਣੀ ਅਤੇ ਬਾਣੇ ਦੇ ਪ੍ਰਚਾਰ-ਪ੍ਰਸਾਰ ਲਈ ਨਿਭਾਈਆਂ ਜਾ ਰਹੀਆਂ ਵਿਸ਼ਾਲ ਪੰਥਕ ਸੇਵਾਵਾਂ ਲਈ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜਿੱਥੇ ਦਮਦਮੀ ਟਕਸਾਲ ਸ਼ਹਾਦਤਾਂ ਦੇਣ ਵਿੱਚ ਮੋਹਰੀ ਰਹੀ ਹੈ, ਉੱਥੇ ਹੀ ਪੰਥਕ ਪੱਧਰ 'ਤੇ ਵੀ ਇਸ ਨੇ ਅਗਵਾਈ ਕਰਦਿਆਂ ਵੱਡੀਆਂ ਸੇਵਾਵਾਂ ਨਿਭਾਈਆਂ ਹਨ।ਉਨ੍ਹਾਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਸ਼ਹੀਦੀ ਗੈਲਰੀ ਦੀ ਸਥਾਪਨਾ, ਸ਼ਹੀਦੀ ਗੈਲਰੀ ਅੰਦਰ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀਆਂ ਤਸਵੀਰਾਂ ਸਥਾਪਿਤ ਕਰਨ,

ਬਾਕੀ ਸਫ਼ਾ 5 'ਤੇ

# EARTH AND THE COSMOS



It is beyond human intellect to express the infinite powers of God and the vast expansion created by Him. The majority of religions have described this human-inhabited earth as the sphere of Divine expansion. Some religions have also mentioned other planets along with this earth and the existence of seven heavens. There are still others that have accepted the number of worlds to be 18,000. But Guru Granth Sahib reveals this secret by declaring the infinity of earth-like planets and heavens:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ਅੰਗ - 5

Of the nether worlds and heavens,He has created millions. Men have given up the attempt in despair.The Vedas too unanimously declare their helplessness.Muslim scriptures declarethe number of species to be eighteen thousand.Vain is such counting;Nothing is real but the One Essence.None may measure or state His infinity;Men's lives are consumed in the effort.Ang-5Gurbani has described this human-inhabited earth as "Dharmshala" (a place for righteous actions), where a person must earn honestly and lead a life based on ਧਰਮ (righteousness). This earth has been venerated as sacred like a mother, our preserver. Gurbani teaches us to remain close to Nature and live in harmony with it, vigilantly protecting and safeguarding its natural resources in order to preserve the beauty and splendour of this wonderful world.In Gurbani, the earth has been called our mother; air has been respectfully described as the "Guru" or preceptor; water as the father; and day and night as our male and female nurses. Thus, a marvellous and divine family is envisioned:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ਅੰਗ - 8

Air is the vital force; water, the progenitor.The vast earth is the mother of all. Day and night are the nurses, fondling all creation in their lap. Ang-8

Gurbani further elucidates this point by saying:

ਰਾਤੀ ਰੁਤੀ ਥਿਤੀ ਵਾਰ ॥ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ਅੰਗ - 7

He created night and day,Seasons and occasions;So also air, water, fire, and the nether regions. Amidst these, He established the earth, The place for righteous actions. Ang-7

The creation of the universe has been formed by Almighty God in the most wonderfully astonishing manner. From the Lord God came air in the first place. From air came water. From the potential of water sprang the three worlds, and the Master benevolently infused His Divine Light into every heart. From the Lord God emerged innumerable visible and invisible manifestations. It was through Him that deities such as Brahma, Vishnu, and Shiva came into being.

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ਅੰਗ - 19

From the Holy Creator came air;From air came water. With water were the three worlds created, And the Divine Light pervades all beings. Ang-19

The Lord is so great that He did not create the cosmos bit by bit. By uttering just one Word, He brought the entire universe into existence. Everything began functioning naturally, and the rivers started flowing instantly.

ਕੀਤਾ ਪਸਾਉ ਏਕੋ ਕਵਾਉ॥ਤਿਸ ਤੇ ਹੋਏ ਲਖ ਦਰੀਆਉ॥ਅੰਗ - 3

All the endless expanse of creation arose out of one Word, Giving rise to millions of streams.How can I compute and express God's might?Ang-3

All of God's creation — this earth, this universe, this cosmos — is truly magnificent. But God who created all this with a single Divine utterance is greater still, beyond all words. Salute to Him.

**Saroop Singh Alag**

# "ਤੀਸਰੇ ਘੱਲੂਘਾਰੇ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਦਮਦਮੀ ਟਕਸਾਲ ਵਿਖੇ ਵਿਸ਼ਾਲ ਪੰਥਕ ਇਕੱਠ, ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ"

**ਸਫ਼ਾ 4 ਦੀ ਬਾਕੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ 16 ਭਾਗਾਂ ਵਿੱਚ ਸਟੀਕ ਪ੍ਰਕਾਸ਼ਿਤ ਕਰਨ ਅਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਦੇ ਸੁੰਦਰੀਕਰਨ ਲਈ ਨਿਭਾਈ ਜਾ ਰਹੀ ਸੇਵਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਮਦਮੀ ਟਕਸਾਲ ਇੱਕ ਵਿਲੱਖਣ ਅਤੇ ਨਿਰਾਲੀ ਸੰਸਥਾ ਹੈ ਅਤੇ ਗੁਰੂ ਦੀ ਅਪਾਰ ਕਿਰਪਾ ਨਾਲ ਇਹ ਮਹੱਤਵਪੂਰਨ ਸੇਵਾਵਾਂ ਇਸ ਸੰਸਥਾ ਦੇ ਹਿੱਸੇ ਆਈਆਂ ਹਨ।ਉਨ੍ਹਾਂ ਕੌਮ ਖ਼ਾਤਰ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਰ ਲੈਣ ਲਈ ਦਮਦਮੀ ਟਕਸਾਲ ਦੇ ਮੁਖੀ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਕਿਹਾ ਕਿ ਦਮਦਮੀ ਟਕਸਾਲ ਅੱਜ ਵੀ ਗੁਰੂ ਸਾਹਿਬਾਨ ਦੇ ਆਸੇ ਦੀ ਪੂਰਤੀ ਲਈ ਨਿਰੰਤਰ ਕਾਰਜਸ਼ੀਲ ਹੈ।ਸਟੇਜ ਦੀ ਸੇਵਾ ਭਾਈ ਰਣਧੀਰ ਸਿੰਘ ਅਤੇ ਗਿਆਨੀ ਸਾਹਿਬ ਸਿੰਘ ਨੇ ਨਿਭਾਈ। ਸਮਾਗਮ 'ਚ ਸੰਤ ਬਾਬਾ ਪ੍ਰੀਤਮ ਸਿੰਘ ਜੀ ਆਗਰੇ ਵਾਲੇ ਮਹਾਂਪੁਰਖਾਂ ਦੀ ਤਰਫ਼ੋਂ ਪਹੁੰਚੇ ਬਾਬਾ ਰਜਿੰਦਰ ਸਿੰਘ ਜੀ ਆਗਰੇ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ, ਸੰਤ ਬਾਬਾ ਅਮਰ ਸਿੰਘ ਜੀ ਰਾੜਾ ਸਾਹਿਬ ਵਾਲੇ, ਸੰਤ ਬਾਬਾ ਗੁਰਬਚਨ ਸਿੰਘ ਜੀ ਘੁੜਾਣੀ ਵਾਲੇ, ਸਰਦਾਰ ਸਤਵਿੰਦਰ ਸਿੰਘ ਟੌਹੜਾ (ਮੈਂਬਰ ਸ਼੍ਰੋਮਣੀ ਕਮੇਟੀ), ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਜਥੇਦਾਰ ਕਸ਼ਮੀਰ ਸਿੰਘ ਬਰਿਆਰ, ਭਾਈ ਅਮਰਜੀਤ ਸਿੰਘ ਚਾਵਲਾ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰਬੀਰ ਸਿੰਘ ਢੋਟ, ਲਖਬੀਰ ਸਿੰਘ ਸੇਖੋਂ, ਭਾਈ ਸ਼ਮਸ਼ੇਰ ਸਿੰਘ ਜੇਠੂਵਾਲ, ਬਾਬਾ ਮਨਜੀਤ ਸਿੰਘ ਜੀ ਭੋਰਾ ਸਾਹਿਬ ਵਾਲੇ, ਭਾਈ ਮਨਜੀਤ ਸਿੰਘ ਭੋਮਾ, ਸੰਤ ਬਾਬਾ ਬੀਰ ਸਿੰਘ ਜੀ ਜੌੜਾ ਸਾਹਿਬ ਵਾਲੇ, ਸੰਤ ਬਾਬਾ ਮਹਿੰਦਰ ਸਿੰਘ ਜੀ ਲੰਮੇ ਸਾਹਿਬ ਵਾਲੇ, ਭਾਈ ਹਰਦੀਪ ਸਿੰਘ ਜੀ, ਸੰਤ ਬਾਬਾ ਰੋਸ਼ਨ ਸਿੰਘ ਜੀ ਧਰੌਂਵਾਲ ਵਾਲੇ, ਭਾਈ ਮਨਦੀਪ ਸਿੰਘ ਜੀ ਅਤਰਸਰ ਸਾਹਿਬ ਵਾਲੇ, ਸੰਤ ਬਾਬਾ ਕਾਕਾ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ, ਸੰਤ ਬਾਬਾ ਹਰੀ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਬੰਦੀ ਸਿੰਘ ਭਾਈ ਹਰਨੇਕ ਸਿੰਘ ਜੀ ਭੱਪ, ਭਾਈ ਲਾਲ ਸਿੰਘ ਜੀ ਅਕਾਲਗੜ੍ਹ, ਭਾਈ ਸਤਵੰਤ ਸਿੰਘ ਜੀ (ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ ਜੀ), ਸ਼ਹੀਦ ਭਾਈ ਜਸਵਿੰਦਰ ਸਿੰਘ ਜੀ ਮਨਾਵਾਂ (ਮੋਗਾ) ਦੇ ਭਰਾਤਾ ਭਾਈ ਬਲਵਿੰਦਰ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ ਚਹੇੜੂ ਦੇ ਭਰਾਤਾ ਭਾਈ ਮਨਵੀਰ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ ਚਹੇੜੂ ਦੇ ਪਰਿਵਾਰਕ ਮੈਂਬਰ, ਭਾਈ ਲਖਵਿੰਦਰ ਸਿੰਘ ਜੀ ਨਾਰੰਗਵਾਲ, ਭਾਈ ਪਰਮਜੀਤ ਸਿੰਘ ਜੀ ਭਿਓਰਾ ਦੇ ਭਰਾਤਾ ਭਾਈ ਅਵਤਾਰ ਸਿੰਘ ਜੀ ਅਤੇ ਭਾਈ ਗੁਰਦੀਪ ਸਿੰਘ ਜੀ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ਜੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।ਇਸ ਮੌਕੇ ਸੰਤ ਬਾਬਾ ਪ੍ਰੀਤਮ ਸਿੰਘ ਜੀ ਆਗਰੇ ਵਾਲਿਆਂ ਦੇ ਸੇਵਾਦਾਰ ਜਥੇਦਾਰ ਬਾਬਾ ਰਜਿੰਦਰ ਸਿੰਘ ਜੀ, ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲੇ, ਗਿਆਨੀ ਗੁਰਦੇਵ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਪਾਉਂਟਾ ਸਾਹਿਬ, ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲ ਵਾਲਿਆਂ ਦੀ ਤਰਫੋਂ ਗਿਆਨੀ ਹਰਪ੍ਰੀਤ ਸਿੰਘ ਜੀ, ਗਿਆਨੀ ਪ੍ਰਗਟ ਸਿੰਘ ਜੀ ਭੀਲੋਵਾਲ, ਭਾਈ ਮੱਖਣ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਅਜੈਬ ਸਿੰਘ ਜੀ ਅਭਿਆਸੀ, ਸੰਤ ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲੇ, ਸੰਤ ਬਾਬਾ ਪ੍ਰਤਾਪ ਸਿੰਘ ਜੀ ਬਾਜਪੁਰ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਜੀ ਘੋੜੇਵਾਹ ਵਾਲੇ, ਸੰਤ ਬਾਬਾ ਕਰਮਜੀਤ ਸਿੰਘ ਜੀ ਟਿੱਬਾ ਸਾਹਿਬ (ਹੁਸ਼ਿਆਰਪੁਰ), ਸੰਤ ਬਾਬਾ ਮਹਾਵੀਰ ਸਿੰਘ ਜੀ ਧਾਲੀਵਾਲ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਜੀ ਖਜਾਲਾ ਵਾਲੇ, ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਵਾਲੇ, ਸੰਤ ਬਾਬਾ ਵਰਿੰਦਰ ਮੁਨੀ ਜੀ ਫੇਰੂਮਾਣ ਵਾਲੇ, ਸੰਤ ਬਾਬਾ ਮਹੇਸ਼ ਮੁਨੀ ਜੀ ਬੜਾ ਅਖਾੜਾ ਕੁਰੂਕਸ਼ੇਤਰ ਵਾਲੇ, ਸੰਤ ਰਾਮ ਮੁਨੀ ਜੀ ਸੇਰੋਂ ਵਾਲੇ, ਸੰਤ ਬਾਬਾ ਅਮਰਜੀਤ ਸਿੰਘ ਜੀ ਹਰਖੋਵਾਲ ਵਾਲੇ, ਭਾਈ ਹਰਪਾਲ ਸਿੰਘ ਜੀ, ਸੰਤ ਬਾਬਾ ਜੋਗਿੰਦਰ ਸਿੰਘ ਜੀ ਰਗੜੇ ਵਾਲੇ, ਸੰਤ ਬਾਬਾ ਅਮਨਦੀਪ ਸਿੰਘ ਜੀ, ਟਕਸਾਲ ਸ਼ਹੀਦ ਭਾਈ ਮਣੀ ਸਿੰਘ ਜੀ, ਬਾਬਾ ਨਰਿੰਦਰ ਸਿੰਘ ਜੀ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ (ਮੋਹਾਲੀ), ਬਾਬਾ ਕੁਲਦੀਪ ਸਿੰਘ ਜੀ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ (ਮੋਹਾਲੀ), ਭਾਈ ਲਖਬੀਰ ਸਿੰਘ ਜੀ ਕਲਕੱਤਾ ਵਾਲੇ, ਭਾਈ ਇੰਦਰਜੀਤ ਸਿੰਘ ਜੀ ਐਨ.ਆਰ.ਆਈ., ਭਾਈ ਮਲਕੀਤ ਸਿੰਘ ਜੀ ਨਿਊਜ਼ੀਲੈਂਡ ਵਾਲੇ, ਗਿਆਨੀ ਸੁਰਜੀਤ ਸਿੰਘ ਜੀ ਸੋਧੀ, ਬਾਬਾ ਧਿਆਨ ਦਾਸ ਜੀ ਪਟਿਆਲਾ, ਮਹੰਤ ਰਜਿੰਦਰ ਦਾਸ ਜੀ, ਬਾਬਾ ਪ੍ਰੇਮਾਨੰਦ ਜੀ, ਜਥੇਦਾਰ ਬਾਬਾ ਮੰਗਾ ਸਿੰਘ ਜੀ ਲੰਗਰ ਸਾਹਿਬ ਧਰਮਕੋਟ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ, ਗਿਆਨੀ ਸੁਖਦੇਵ ਸਿੰਘ ਜੀ ਅਰਦਾਸੀਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸੰਤ ਬਾਬਾ ਸ਼ਮਸ਼ੇਰ ਸਿੰਘ ਜੀ ਡੇਰਾ ਬਾਬਾ ਮੂਲਾ ਸਿੰਘ ਜੀ, ਸੰਤ ਬਾਬਾ ਅਨਹਦ ਰਾਜ ਸਿੰਘ ਜੀ ਨਾਨਕਸਰ ਸਮਰਾਲਾ ਵਾਲੇ, ਜਥੇਦਾਰ ਬਾਬਾ ਬਲਵਿੰਦਰ ਸਿੰਘ ਜੀ ਤਰਨਾ ਦਲ ਖਿਆਲਾ ਵਾਲੇ, ਸੰਤ ਬਾਬਾ ਗੁਰਚਰਨ ਸਿੰਘ ਜੀ ਝਾੜ ਸਾਹਿਬ ਵਾਲੇ, ਗਿਆਨੀ ਭੁਪਿੰਦਰ ਸਿੰਘ ਜੀ ਗਦਲੀ ਵਾਲੇ ਅਤੇ ਜਥੇਦਾਰ ਬਾਬਾ ਹਰੀ ਸਿੰਘ ਜੀ ਤਰਨਾ ਦਲ ਵੀ ਪਹੁੰਚੇ ਹੋਏ ਸਨ।ਇਸ ਤੋਂ ਇਲਾਵਾ ਭਾਈ ਜੋਤ ਸਿੰਘ ਜੀ, ਭਾਈ ਬਲਵਿੰਦਰ ਸਿੰਘ ਜੀ, ਸੰਤ ਬਾਬਾ ਅਮਰਜੀਤ ਸਿੰਘ ਜੀ, ਭਾਈ ਅਮਰਜੀਤ ਸਿੰਘ ਚਹੇੜੂ, ਭਾਈ ਨਰਿੰਦਰ ਸਿੰਘ ਮਲਸੀਆਂ, ਭਾਈ ਇੰਦਰਜੀਤ ਸਿੰਘ ਜੱਸੋਵਾਲ, ਗਿਆਨੀ ਹਰਨੇਕ ਸਿੰਘ ਘਣੀਏ ਕੇ ਬਾਂਗਰ, ਗਿਆਨੀ ਪ੍ਰਗਟ ਸਿੰਘ ਭੀਲੋਵਾਲ, ਭਾਈ ਹੀਰਾ ਸਿੰਘ ਮਨਿਆਲਾ, ਬਾਬਾ ਸੁਖਦੇਵ ਸਿੰਘ ਪੱਟੀ ਮੋੜ, ਭਾਈ ਸ਼ਮਸ਼ੇਰ ਸਿੰਘ ਪਰਾਂਗਪੁਰਾ, ਭਾਈ ਸੁਖਦੇਵ ਸਿੰਘ ਜੀ, ਭਾਈ ਹਰਦੀਪ ਸਿੰਘ ਜੀ, ਗਿਆਨੀ ਜੀਵਾ ਸਿੰਘ ਜੀ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਅਤੇ ਡਾ. ਅਵਤਾਰ ਸਿੰਘ ਬੁੱਟਰ ਵੀ ਮੌਜੂਦ ਸਨ।

# ਹੈਨਰੀ ਨੋਵਾਕ ਮਾਮਲੇ 'ਤੇ ਬਰਤਾਨੀਆ ਦੇ ਸਿੱਖ ਸੰਸਦ ਮੈਂਬਰਾਂ ਵੱਲੋਂ ਘਟਨਾ ਦੀ ਨਿੰਦਾ

## ਗ੍ਰਹਿ ਮੰਤਰੀ ਵੱਲੋਂ ਕਿਰਪਾਨ ਸੰਬੰਧੀ ਕੋਈ ਕਾਨੂੰਨੀ ਸਮੀਖਿਆ ਕਰਨ ਤੋਂ ਨਾਂਹ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੌਵਾਕ ਮਾਮਲੇ 'ਚ ਅੱਜ ਬਰਤਾਨੀਆਂ ਦੀ ਸੰਸਦ 'ਚ ਬਹਿਸ ਹੋਈ, ਜਿਸ ਦੌਰਾਨ ਸਿੱਖ ਸੰਸਦ ਮੈਂਬਰਾਂ ਨੇ ਘਟਨਾਂ ਦੀ ਸਖ਼ਤ ਨਿੰਦਾ ਕਰਦਿਆਂ ਪੀੜਤ ਹੈਨਰੀ ਨੋਵਾਕ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਰਪਾਨ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਸਮੀਖਿਆ ਕਰਨ ਤੋਂ ਨਾਂਹ ਕੀਤੀ ਹੈ। ਇਸ ਮੌਕੇ ਸੰਸਦ ਮੈਂਬਰ ਜਸ ਅਠਵਾਲ ਚੇਅਰਮੈਨ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ, ਸਤਵੀਰ ਕੌਰ, ਕੀਰਥ ਐਟਵਿਸਲ, ਵਰਿੰਦਰ ਜੱਸ, ਪ੍ਰੀਤ ਕੌਰ ਗਿੱਲ, ਹਰਪ੍ਰੀਤ ਕੌਰ ਉੱਪਲ, ਸੋਨੀਆ ਕੁਮਾਰ, ਜੀਵਨ ਸੰਧਰ, ਬਾਗੀ ਸ਼ੰਕਰ, ਗੁਰਿੰਦਰ ਸਿੰਘ ਜੋਸ, ਤਨਮਨਜੀਤ ਸਿੰਘ ਢੇਸੀ (ਸਾਰੇ ਸੰਸਦ ਮੈਂਬਰ) ਨੇ ਸਾਂਝਾ ਪੱਤਰ ਜਾਰੀ ਕਰਦਿਆਂ ਕਿਹਾ ਕਿ ਅਸੀਂ ਹੈਨਰੀ ਨੋਵਾਕ ਦੀ ਬੇਵਕਤੀ ਤੇ ਦੁਖਦਾਈ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਅਤੇ ਪਿਆਰਿਆਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ। ਬਿਆਨ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਮਾਮਲਾ ਵਿਕਰਮ ਦਿਗਵਾ ਦੁਆਰਾ ਹੈਨਰੀ ਨੋਵਾਕ ਦੇ ਕੀਤੇ ਗਏ ਕਤਲ ਬਾਰੇ ਹੈ। ਇਹ ਨਸਲਵਾਦ ਜਾਂ ਧਰਮ ਦਾ ਮਾਮਲਾ ਨਹੀਂ ਸੀ, ਬਲਕਿ ਇਕ ਵਿਅਕਤੀ ਦਾ ਅਪਰਾਧਿਕ ਮਾਮਲਾ ਸੀ, ਜੋ ਆਪਣੇ ਕੰਮਾਂ ਲਈ ਖੁਦ ਜ਼ਿੰਮੇਵਾਰ ਹੈ। ਉਹਨਾਂ ਕਿਹਾ ਕਿ ਅਫਸੋਸ ਕਿ ਰਿਫਾਰਮ ਯੂ.ਕੇ. ਤੇ ਰੀਸਟੋਰ ਪਾਰਟੀ ਨੇ ਲੋਕਾਂ ਦੇ ਦੁੱਖ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪਾਰਟੀਆਂ ਧਾਰਮਿਕ ਕਿਰਪਾਨ ਪਹਿਨਣ ਨੂੰ ਲੈ ਕੇ ਸਿੱਖ ਭਾਈਚਾਰੇ ਤੇ ਨਿਸ਼ਾਨਾ ਸਾਧ ਰਹੀਆਂ ਹਨ, ਜਦੋਂ ਕਿ ਇਸ ਹਮਲੇ 'ਚ ਕਿਰਪਾਨ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਗਈ ਸੀ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਇਹ ਮਾਮਲਾ ਸਿੱਖ ਧਰਮ ਜਾਂ ਨਸਲਵਾਦ ਦਾ ਨਹੀਂ ਹੈ, ਸਗੋਂ ਇਹ ਸਿੱਧਾ ਕਤਲ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਦੇਸ਼ 'ਚ ਸਮੂਹਿਕ ਸਜ਼ਾ ਦੇਣ ਵਿੱਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਨੇ ਕਿਰਪਾਨ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਕਾਨੂੰਨੀ ਸਮੀਖਿਆ ਕਰਨ ਤੋਂ ਨਾਂਹ ਕੀਤੀ ਹੈ।ਕਿਰਪਾਨ 'ਤੇ ਪਾਬੰਦੀ ਦਾ ਵਿਰੋਧ ਕਰਨ 'ਤੇ ਢੇਸੀ ਨੂੰ ਪੰਜਾਬ ਚਲੇ ਜਾਣ ਦੀ ਦਿੱਤੀ ਸਲਾਹ......ਬਰਤਾਨੀਆ ਦੇ ਪਹਿਲੇ ਸਿੱਖ ਸੰਸਦ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੀ ਨੇ ਨੇ ਕੁੱਝ ਪਾਰਟੀਆਂ ਵਲੋਂ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਗੱਲ ਦਾ ਵਿਰੋਧ ਕੀਤਾ। ਰੀਸਟੋਰ ਪਾਰਟੀ ਦੇ ਸੰਸਦ ਮੈਂਬਰ ਰੂਪਰਟ ਲੋਅ ਨੇ ਸ਼ੋਸ਼ਲ ਮੀਡੀਆ 'ਤੇ ਕਿਹਾ ਕਿ ਰੀਸਟੋਰ ਬਰਤਾਨਵੀ ਸਰਕਾਰ ਮੌਕੇ ਸਭ ਬਰਾਬਰ ਹੋਣਗੇ। ਗੈਰ-ਬਰਤਾਨਵੀ ਧਾਰਮਿਕ ਨਿਯਮਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਜਾਂ ਮਾਨਤਾ ਨਹੀਂ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸੰਸਦ ਮੈਂਬਰ ਕੈਥਰੀਨ ਬਲੇਕਲੋਕ ਨੇ ਸ਼ੋਸ਼ਲ ਮੀਡੀਆ 'ਤੇ ਢੇਸੀ ਦੇ ਪਿੰਡ ਵਾਲੀ ਤਸਵੀਰ ਸਾਂਝੀ ਕਰਦਿਆਂ ਕਿਹਾ ਢੇਸੀ ਮੈਨੂੰ ਤੇ ਹੋਰਾਂ ਨੂੰ ਨਸਲਵਾਦੀ ਕਹਿ ਰਹੇ ਹਨ, ਪਰ ਉਹ ਭਾਰਤ ਦੀ ਬਜਾਏ ਯੂ.ਕੇ. ਵਿਚ ਰਹਿਣ ਦਾ ਫ਼ੈਸਲਾ ਕਰਦਾ ਹੈ, ਜਿੱਥੇ ਉਸ ਕੋਲ ਨਾਗਰਿਕਤਾ ਲੈਣ ਦਾ ਅਧਿਕਾਰ ਵੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਉਹ ਆਪਣੇ ਪਿੰਡ ਵਾਪਸ ਚਲੇ ਜਾਣਗੇ।ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਘਟਨਾ ਦੀ ਨਿੰਦਾ.......ਇਸ ਸੰਬੰਧੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਪੁਲਿਸ 'ਤੇ ਬਹੁਤ ਹੀ ਗੰਭੀਰ ਸਵਾਲ ਖੜ੍ਹੇ ਕਰਦੇ ਹੋਏ। ਇਸ ਘਟਨਾ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਆਈ. .ਪੀ.ਸੀ. ਨੂੰ ਇਸ ਮਾਮਲੇ ਵਿੱਚ ਦੇਖਣਾ ਹੋਵੇਗਾ, ਇਹਨਾਂ ਬਹੁਤ ਗੰਭੀਰ ਸਵਾਲਾਂ ਦਾ ਪੁਲਿਸ ਨੂੰ ਜਵਾਬ ਦੇਣਾ ਪਵੇਗਾ। ਇਸ ਦੇ ਨਾਲ ਹੀ ਹੈਂਪਸ਼ਾਇਰ ਪੁਲਿਸ ਨੇ ਕਿਹਾ ਹੈ ਕਿ ਘਟਨਾ 'ਚ ਸ਼ਾਮਿਲ ਚਾਰ ਪੁਲਿਸ ਅਧਿਕਾਰੀਆਂ 'ਚੋਂ ਇਕ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

# ਗੁਰ ਕੈ ਸਬਦਿ ਮਨ ਕਉ ਸਮਝਾਵਹਿ



ਕੂੜ੍ਹ ਦੀ ਅਮਾਵਸਿਆ ਵਿੱਚ ਸੱਚ ਦੇ ਚੰਦ੍ਰਮਾ ਨੂੰ ਪ੍ਰਗਟ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਸ਼ਬਦ ਨੂੰ ਸ਼ਕਤੀ ਬਣਾ ਕੇ ਹਨੇਰੇ ਦਾ ਤੰਤਰ ਭੰਗ ਕੀਤਾ। ਆਪ ਨੇ ਸ਼ਬਦ ਵਿੱਚ ਸੰਪੂਰਨ ਗਿਆਨ ਦਾ ਚਾਨਣ ਸਮੋ ਕੇ ਮਨੁੱਖਤਾ ਦੀ ਰਾਹ ਨੂੰ ਸਦਾ ਲਈ ਰੋਸ਼ਨ ਕਰ ਦਿੱਤਾ।ਗੁਰਸਿੱਖ ਲਈ ਗੁਰਬਾਣੀ ਹੀਰੇ , ਰਤਨਾਂ ਤੋਂ ਵੀ ਅਨਮੋਲ ਹੈ ਕਿਉਂਕਿ ਜੀਵਨ ਉੱਧਾਰ ਲਈ ਇਹ ਭਗਤੀ ਦਾ ਅਪਾਰ ਭੰਡਾਰ ਹੈ। ਇਸ ਖਜਾਨੇ ਨੂੰ ਪ੍ਰਾਪਤ ਕਰਨ ਲਈ ਉੱਦਮ ਕਰਨਾ ਪੈਂਦਾ ਹੈ। ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਦੀ ਮਰਿਆਦਾ ਦੱਸੀ " ਗਾਵਤ ਸੁਨਤ ਕਮਾਵਤ ਨਿਹਾਲ " । ਗੁਰਬਾਣੀ ਗਾਵਣਾ ਤਾਂ ਸਕਾਰਥ ਹੈ ਜੇ ਮਨ ਅੰਦਰ ਆਨੰਦ ਵਿਆਪਤ ਹੋ ਜਾਵੇ " ਮਨ ਰੇ ਸਦਾ ਅਨੰਦੁ ਗੁਣ ਗਾਇ " । ਗੁਰਬਾਣੀ ਸੁੰਨਣਾ ਤਾਂ ਲਾਹੇਵੰਦ ਹੈ ਜੇ ਇਹ ਪਰਮਾਤਮਾ ਨਾਲ ਮੇਲ ਦੀ ਵਿਹਵਲਤਾ ਪੈਦਾ ਹੁੰਦੀ ਹੈ " ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ " । ਗੁਰਬਾਣੀ ਨੂੰ ਕਮਾਉਣਾ ਸਚਿਆਰ ਆਚਾਰ ਹੈ " ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ " । ਗੁਰਬਾਣੀ ਗਾਵਣਾ ਮਨ ਅੰਦਰ ਆਨੰਦ ਤਾਂ ਪੈਦਾ ਕਰਦਾ ਹੈ ਜਦੋਂ ਗੁਰੂ ਦੀ ਆਗਿਆ ਮੰਨ ਮਾਇਆ , ਵਿਕਾਰਾਂ ਤੋਂ ਉਦਾਸ ਹੋ ਜਾਏ। ਮਨ ਜਦੋਂ ਸੰਸਾਰ ਨੇ ਨਾਸ਼ਵਾਨ ਰੂਪ ਨੂੰ ਜਾਣ ਲੈਂਦਾ ਹੈ , ਪਰਮਾਤਮਾ ਦੀ ਸੱਤਾ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਗੁਰਬਾਣੀ ਸੁੰਨਣਾ ਮਨ ਅੰਦਰ ਪਰਮਾਤਮਾ ਨਾਲ ਮੇਲ ਦੀ ਵਿਹਵਲਤਾ ਨੂੰ ਜਨਮ ਦਿੰਦਾ ਹੈ।ਗੁਰਸਿੱਖ ਮਨ , ਤਨ ਨਾਲ ਗੁਰੂ , ਪਰਮਾਤਮਾ ਨੂੰ ਪੂਰਨ ਸਮਰਪਿਤ ਹੋ ਜਾਏ , " ਅਬ ਹਮ ਚਲੀ ਠਾਕੁਰ ਪਹਿ ਹਰਿ " ਤਾਂ ਗੁਰੂ ਦੀਆਂ ਸਿਖਿਆਵਾਂ ਤੇ ਅਡੋਲ ਚੱਲਣ ਦਾ ਸੰਕਲਪ ਦ੍ਰਿੜ੍ਹ ਹੁੰਦਾ ਹੈ। ਮਨੁੱਖ ਦਾ ਜੀਵਨ " ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ " ਦਾ ਪ੍ਰਤੀਕ ਬਣ ਜਾਂਦਾ ਹੈ। ਗੁਰਬਾਣੀ ਪੜ੍ਹਨ , ਸੁਣਨ ਦਾ ਮਨੋਰਥ " ਸਚੁ ਆਚਾਰ " ਤੱਕ ਪੁੱਜਣਾ ਹੈ। ਇਹ ਗੁਰਸਿੱਖ ਦੀ ਭਗਤੀ ਦੀ ਯਾਤਰਾ ਹੈ ਜੋ ਗੁਰਬਾਣੀ ਕਰਾਉਂਦੀ ਹੈ। ਗੁਰਬਾਣੀ ਦਾ ਪੜ੍ਹਨਾ , ਸੁਣਨਾ , ਕਮਾਉਣਾ , ਅਧਿਆਤਮਿਕ ਅਧਿਐਨ ਰਾਹੀਂ ਆਪਣੇ ਆਪ ਨੂੰ ਨਿਰਮਲਤਾ ਨਾਲ ਸੰਵਾਰ , ਗੁਣਾਂ ਨਾਲ ਸਿੰਗਾਰ ਕੇ ਸਚਿਆਰ ਹੋ ਜਾਣਾ ਹੈ। ਗੁਰਬਾਣੀ ਦਾ ਇੱਕ ਇੱਕ ਸ਼ਬਦ ਧਰਮ ਦੇ ਸਾਰ ਤੱਤ ਨਾਲ ਜੋੜਦਾ ਹੈ। ਗੁਰਬਾਣੀ ਨੂੰ ਭਵਜਲ ਤੋਂ ਪਾਰ ਕਰਨ ਵਾਲਾ ਬੋਹਿਥ ਵੀ ਕਿਹਾ ਗਿਆ ਹੈ " ਗੁਰੁ ਬੋਹਿਥੁ ਸਬਦਿ ਭੈ ਤਰਣਾ " । ਪਾਰ ਜਾਣਾ ਹੋਵੇ ਤਾਂ ਪੂਰਾ ਹੀ ਜਹਾਜ ਤੇ ਚੜ੍ਹਨਾ ਪੈਂਦਾ ਹੈ। ਗੁਰਬਾਣੀ ਜੀਵਨ ਨੂੰ ਤਾਂ ਹੀ ਸੁਆਰਦੀ ਹੈ ਜੇ ਪੜ੍ਹਨ , ਸੁਣਨ ਤੇ ਕਮਾਉਣ ਦੇ ਤਿੰਨੋਂ ਸੰਕਲਪ ਗੁਰ ਸਬਦ ਅਨੁਸਾਰ ਪੂਰੇ ਹੋਣ। ਇਹ ਨਾਲ ਨਾਲ ਚੱਲਦੇ ਹਨ , ਜਿਵੇਂ ਜਹਾਜ ਚੱਲਦਾ ਹੈ ਤਾਂ ਬਹੁਤ ਸਾਰੇ ਪੁਰਜੇ ਇੱਕ ਨਾਲ ਕਿਰਿਆਸ਼ੀਲ ਹੁੰਦੇ ਹਨ। ਇੱਕ ਵੀ ਪੁਰਜਾ ਨਾਂ ਚੱਲੇ ਤਾਂ ਜਹਾਜ ਰੁੱਕ ਜਾਂਦਾ ਹੈ।ਗੁਰਬਾਣੀ ਦੀ ਯਾਤਰਾ ਵੀ ਇਹੋ ਜਿਹੀ ਹੀ ਹੈ।ਗੁਰਬਾਣੀ ਪੜ੍ਹੀ ਜਾਣਾ ਬਿਨਾ ਇਹ ਜਾਣਿਆਂ ਕਿ ਗੁਰਬਾਣੀ ਪੜ੍ਹਨ ਨਾਲ ਮਨ ਦੀ ਕਿਹੋ ਜਿਹੀ ਅਵਸਥਾ ਦਾ ਸਿਰਜਣ ਹੋਣਾ ਚਾਹੀਦੇ ਕਿਵੇਂ ਗੁਰਬਾਣੀ ਪੜ੍ਹਿਆ ਜਾਣਾ ਕਿਹਾ ਜਾ ਸਕਦਾ ਹੈ। ਪੜ੍ਹਨਾ ਹੀ ਮਨੋਰਥ ਨਹੀਂ ਹੈ " ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ " । ਨਿਤਨੇਮ ਦੀਆਂ ਬਾਣੀਆਂ ਜਪੁ ਸਾਹਿਬ , ਜਾਪੁ ਸਾਹਿਬ , ਤ੍ਵ ਪ੍ਰਸਾਦਿ ਸਵੈਯੇ , ਸੋਦਰ ਤੇ ਸੋਹਿਲਾ ਤੋਂ ਬਾਅਦ ਸੱਭ ਤੋਂ ਜਿਆਦਾ ਪੜ੍ਹੀ ਜਾਣ ਵਾਲੀ ਬਾਣੀ ਸੁਖਮਨੀ ਸਾਹਿਬ ਹੈ। ਗੁਰੂ ਅਰਜਨ ਸਾਹਿਬ ਦੀ ਉਚਾਰੀ ਇਸ ਬਾਣੀ ਨੂੰ ਸੁੱਖ ਪ੍ਰਾਪਤੀ ਲਈ ਵਿਸ਼ੇਸ਼ ਬਾਣੀ ਮੰਨ ਲਿਆ ਗਿਆ ਹੈ ਜਬਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਹੀ ਸੁੱਖ ਦਾਇਕ ਬਾਣੀ ਹੈ। ਗੁਰੂ ਅਰਜਨ ਸਾਹਿਬ ਨੇ ਆਪ ਵਚਨ ਕੀਤਾ " ਗੁਰ ਕੀ ਬਾਣੀ ਸਿਉ ਰੰਗੁ ਲਾਇ।। ਗੁਰੁ ਕਿਰਪਾਲੁ ਹੋਇ ਦੁਖੁ ਜਾਇ।। ' । ਸੁਖਮਨੀ ਸਾਹਿਬ ਦੀ ਬਾਣੀ ਨੂੰ ਹੀ ਸੁੱਖ ਪ੍ਰਾਪਤੀ ਲਈ ਪੜ੍ਹਨਾ ਆਪ ਗੁਰੂ ਅਰਜਨ ਸਾਹਿਬ ਦੇ ਵਚਨ ਦੀ ਉਲੰਘਣਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੇ ਅੰਗ ੨੬੨ ਤੋਂ ੨੯੬ ਤੱਕ ਸੁਸ਼ੋਭਿਤ ਇਸ ਬਾਣੀ ਵਿੱਚ ੨੪ ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਇੱਕ ਸ਼ਲੋਕ ਨਾਲ ਆਰੰਭ ਹੁੰਦੀ ਹੈ। ਇਹ ਗਿਆਨ ਦੀ ਬਾਣੀ ਹੈ ਜਿਸ ਵਿੱਚ ਸਿਮਰਨ ਦੀ ਮਹੱਤਤਾ , ਨਾਮ ਦੀ ਟੇਕ , ਸੱਚੇ ਕਰਮਾਂ ਦੀ ਪ੍ਰੇਰਣਾ , ਪ੍ਰਮਾਤਮਾ ਦੇ ਗੁਣ , ਜੀਵਨ ਵਿਵਹਾਰ , ਸਾਧ ਸੰਗ, ਬ੍ਰਹਮ ਗਿਆਨੀ ਦੇ ਲੱਖਣ , ਧਰਮ ਮੰਡਲ ਦਾ ਹਾਲ , ਧਾਰਨ ਜੋਗ ਗੁਣ , ਸੱਚੀ ਭਗਤੀ , ਸੱਚੇ ਭਗਤ ਦੇ ਗੁਣ ਦੱਸੇ ਗਏ ਹਨ। ਇਸ ਬਾਣੀ ਦੀ ਇੱਕ ਇੱਕ ਪੰਕਤੀ ਧਿਆਨ ਨਾਲ ਪੜ੍ਹ ਕੇ ਵਿਚਾਰਨ ਅਤੇ ਆਚਾਰ ਵਿੱਚ ਧਾਰਨ ਕਰਨ ਜੋਗ ਹੈ। ਸੁਖਮਨੀ ਸਾਹਿਬ ਦੀ ਬਾਣੀ ਨਿੱਤ ਪੜ੍ਹ ਕੇ ਨਿੱਤ ਵਿਚਾਰਨ ਤੇ ਆਤਮਿਕ ਅਵਸਥਾ ਦੇ ਨਿਰੰਤਰ ਸਿਰਜਣ ਦੀ ਪ੍ਰੇਰਣਾ ਪ੍ਰਾਪਤ ਹੁੰਦੀ ਹੈ। ਜਿਸ ਨੇ ਇਸ ਪਾਵਨ ਬਾਣੀ ਨੂੰ ਗੰਭੀਰਤਾ ਨਾਲ ਪੜ੍ਹ ਕੇ ਵਿਚਾਰ ਲਿਆ ਉਹ ਆਪ ਹੀ ਸਵਾਲ ਕਰੇਗਾ ਕਿ ਸਿਰਫ ਬਾਣੀ ਪੜ੍ਹਨ ਨਾਲ ਕਿਵੇਂ ਸੁੱਖ ਪ੍ਰਾਪਤ ਹੋ ਜਾਣਗੇ। ਗੁਰ ਸ਼ਬਦ ਦੀ ਭਾਵਨਾ ਤੇ ਪ੍ਰਚਲਿਤ ਧਾਰਨਾ ਵਿੱਚ ਇੱਕ ਵੱਡਾ ਵਿਰੋਧਾਭਾਸ ਸਪਸ਼ਟ ਨਜਰ ਆ ਜਾਂਦਾ ਹੈ। ਗੁਰਬਾਣੀ ਪੂਰਨ ਗਿਆਨ ਹੈ। ਗੁਰਬਾਣੀ ਵਿੱਚ ਪੂਰਨ ਸਪਸ਼ਟਤਾ ਹੈ , ਵਰਤਮਾਨ ਜਾਂ ਭਵਿੱਖ ਵਿੱਚ ਉੱਠਣ ਵਾਲੀ ਹਰ ਸ਼ੰਕਾ ਦਾ ਨਿਦਾਨ ਹੈ। ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਜੁਗਾਂ ਤੋਂ ਹੀ ਨਹੀਂ ਕਾਲ ਤੋਂ ਵੀ ਪਰੇ ਤੱਕ ਸੀ। ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਵਿੱਚੋਂ ਮਨੁੱਖੀ ਮਨੋਵਿਗਿਆਨ ਦੀ ਸੱਭ ਤੋਂ ਗਹਿਰੀ ਸਮਝ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਜਿਵੇਂ ਗੁਰਬਾਣੀ ਅੱਜ ਪ੍ਰਾਸੰਗਿਕ ਹੈ ਉਵੇਂ ਹੀ ਰਹਿੰਦੀ ਦੁਨੀਆ ਤੱਕ ਇਸ ਦੀ ਪ੍ਰਾਸੰਗਿਕਤਾ ਕਾਇਮ ਰਹਿਣ ਵਾਲੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਸਾਹਿਬ ਦਾ ਸਿੱਖ ਪੰਥ ਹੀ ਨਹੀਂ ਸੰਪੂਰਨ ਮਨੁੱਖਤਾ ਤੇ ਮਹਾਨ ਉਪਕਾਰ ਸੀ। ਇਸ ਉਪਕਾਰ ਦੀ ਮਹੱਤਤਾ ਨਾ ਸਮਝਣ ਕਾਰਨ ਹੀ ਨਵੀਆਂ ਨਵੀਆਂ ਪਰੰਪਰਾਵਾਂ ਕਾਇਮ ਕੀਤੀਆਂ ਜਾ ਰਹੀਆਂ ਹਨ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ ਤੇ ਚਾਲੀਹ ਦਿਨ ਦੀ ਸੁਖਮਨੀ ਸਾਹਿਬ ਦੇ ਪਾਠ ਦੀ ਲੜੀ ਚਲਾਈ ਜਾਣ ਲੱਗ ਪਈ ਹੈ।ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਯਾਦ ਕਰਨਾ ਹੈ ਤਾਂ ਕੀ ਉਨ੍ਹਾਂ ਦੀ ਸਿਫਤ ਦੀ ਬਾਣੀ ਪੜ੍ਹਨਾ ਜੋਗ ਨਹੀਂ। ਭੱਟ ਸਾਹਿਬਾਨ ਦੀ ਗੁਰੂ ਸਾਹਿਬ ਦੀ ਉਸਤਤ ਵਿੱਚ ਰਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਸੁਖਮਨੀ ਸਾਹਿਬ ਤਾਂ ਗੁਰਸਿੱਖ ਨੂੰ ਉਪਦੇਸ਼ ਤੇ ਪ੍ਰੇਰਨਾ ਦੀ ਬਾਣੀ ਹੈ , ਸਚੁ ਆਚਾਰ ਦੀ ਬਾਣੀ ਹੈ। ਇਸ ਬਾਣੀ ਨੂੰ ਪੜ੍ਹਨ ਨਾਲ ਗੁਰੂ ਅਰਜਨ ਸਾਹਿਬ ਦੀ ਲਾਸਾਨੀ ਸ਼ਹੀਦੀ ਨੂੰ ਨਮਨ ਕਿਵੇਂ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਮਨ ਅੰਦਰ ਭਾਵਨਾ ਪੈਦਾ ਕਰੇ ਇਸ ਲਈ ' ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ।। ਜਿਸੁ ਸਿਮਰਤ ਦੁਰਮਤਿ ਮਲੁ ਨਾਸੀ।। ਸਤਿਗੁਰ ਚਰਣ ਕਵਲ ਰਿਦਿ ਧਾਰੰ।। ਗੁਰ ਅਰਜੁਨ ਗੁਣ ਸਹਜਿ ਬਿਚਾਰੰ।। " ਜਿਹੀ ਬਾਣੀ ਦੇ ਜਾਪ ਦਾ ਕੀ ਕੋਈ ਸ੍ਰੇਸ਼ਟ ਵਿਕਲਪ ਹੋ ਸਕਦਾ ਹੈ ਜੇ ਅਵਸਰ ਨੂੰ ਹੀ ਮੁੱਖ ਰੱਖਿਆ ਜਾਵੇ । ਗੁਰਬਾਣੀ ਸਦਾ ਹੀ ਸੋਚ , ਵਿਚਾਰ ਤੇ ਆਤਮ ਸੋਧ ਦਾ ਮੌਕਾ ਦਿੰਦੀ ਹੈ। ਗੁਰਸਿੱਖ ਦੇ ਸਾਹਮਣੇ ਸਦਾ ਹੀ ' ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ " ਇੱਕ ਮਨੋਰਥ ਬਣ ਕੇ ਖੜਾ ਰਹਿੰਦਾ ਹੈ। ਇਹ ਤਾਂ ਹੀ ਸੰਭਵ ਹੈ ਜਦੋਂ ਗੁਰਬਾਣੀ ਨੂੰ ਗਿਆਨ ਚਾਨਣ ਦੀ ਬਾਣੀ ,ਆਤਮਿਕ ਨਿਰਮਲਤਾ ਦੀ ਅੰਮ੍ਰਿਤ ਬਾਣੀ , ਗੁਰ ਪੂਰੇ ਦੀ ਬਾਣੀ , ਗੁਰ ਪੀਰਾ ਗਹਿਰ ਗੰਭੀਰਾ ਦੀ ਬਾਣੀ, ਮਹਾ ਪੁਰਖ ਦੀ ਬਾਣੀ ਮੰਨਣ ਲਈ ਮਨ ਸੱਚੇ ਹਿਰਦੈ ਨਾਲ ਤਿਆਰ ਹੋਵੇ।

**ਡਾ. ਸਤਿੰਦਰ ਪਾਲ ਸਿੰਘ**

ਖ਼ਾਲਸਾ ਅਖ਼ਬਾਰ www.khalsaakhbaar.com

# ਗੁਰਸਿੱਖੀ ਵਿਚ ਸਾਂਝੀਵਾਲਤਾ ਦਾ ਸੰਕਲਪ

**ਸਭੁ ਕੋ ਮੀਤੁ ਹਮ ਆਪਨ ਕੀਨਾਹਮ ਸਭਨਾ ਕੇ ਸਾਜਨ ।।ਅੰਗ -671**

ਜੇ ਸਾਰੀ ਦੁਨੀਆ ਦੇ ਧਰਮਾਂ ਦੇ ਸਿਧਾਂਤਾਂ ਤੇ ਗਹੁ ਨਾਲ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਤੌਰ ਤੇ ਉਜਾਗਰ ਹੁੰਦੀ ਦਿਸਦੀ ਹੈ ਕਿ ਸਾਰੇ ਧਰਮ ਇਹੀ ਉਪਦੇਸ਼ ਦੇਂਦੇ ਹਨ ਕਿ ਸਭ ਮਨੁੱਖ ਇਕੋ ਅਕਾਲਪੁਰਖ ਦੀ ਸੰਤਾਨ ਹਨ ਇਸ ਲਈ ਸਮੁੱਚੀ ਮਨੁੱਖ ਜਾਤੀ ਨੂੰ ਇਕ ਦੂਜੇ ਨਾਲ ਭਰਾਤਰੀ ਭਾਵ ਵਿਚ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਪਰ ਇਸ ਦੇ ਉਲਟ ਮਾਇਆਵਾਦ ਦੇ ਪਸਾਰੇ ਨਾਲ ਇਸ ਭਾਵਨਾ ਨੂੰ ਕਾਫੀ ਠੇਸ ਲੱਗੀ ਹੈ ਅਤੇ ਮਨੁੱਖ ਦੀ ਵਿਗੜਦੀ ਦਸ਼ਾ ਨੂੰ ਦੇਖਦਿਆਂ ਹੋਇਆਂ ਹਰ ਉਹ ਉਪਰਾਲਾ ਜੁਟਾਣਾ ਅਤਿਅੰਤ ਜ਼ਰੂਰੀ ਬਣਦਾ ਹੈ ਜਿਸ ਨਾਲ ਮਨੁੱਖੀ ਬਰਾਦਰੀ ਵਿਚ ਸਾਂਝੀਵਾਲਤਾ ਤੇ ਪਰਉਪਕਾਰਤਾ ਦਾ ਸੁਭਾਅ ਬਲਵਾਨ ਹੋ ਸਕੇ।ਜੇ ਇਸ ਮਨੋਰਥ ਦੀ ਸਿੱਧੀ ਲਈ ਗੁਰਬਾਣੀ ਅਤੇ ਸਿੱਖ ਧਰਮ ਅਤੇ ਇਤਿਹਾਸ ਤੇ ਸਿਧਾਂਤਾਂ ਵੱਲ ਝਾਤੀ ਮਾਰੀਏ ਤਾਂ ਕਦਮ ਕਦਮ ਤੇ ਸ਼ਕਤੀਸ਼ਾਲੀ ਰੂਪ ਵਿਚ ਗਵਾਹੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਇਹ ਸੁਦ੍ਰਿੜ੍ਹ ਹੁੰਦਾ ਹੈ ਕਿ ਸਾਰੀ ਮਾਨਵਤਾ ਨਾਲ ਪਿਆਰ ਕਰਨਾ ਸਿੱਖ ਲਈ ਸੁਭਾਵਕ ਤੇ ਜ਼ਰੂਰੀ ਹੈ।

ਜੋ ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।।
ਨਉ ਨਿਧਿ ਤੇਰੈ ਅਖੁਟ ਭੰਡਾਰਾ।। ਅੰਗ-97

ਉਕਤ ਪੰਗਤੀ ਦੀ ਭਾਵਨਾ ਹੇਠ ਸਭ ਨਾਲ ਖੈਰ-ਸਗਾਲੀ, ਬਰਾਬਰੀ ਤੇ ਬੇਲਾਗ ਸਾਂਝੀਵਾਲਤਾ ਰੱਖਣਾ ਗੁਰਬਾਣੀ ਪ੍ਰੇਮੀ ਅਤੇ ਗੁਰੂ ਦੇ ਸਿੱਖ ਦੇ ਜੀਵਨ ਦਾ ਮੂਲ ਆਧਾਰ ਹੈ ਤੇ ਪੰਜ-ਤੰਤਰੀ ਪ੍ਰਣਾਲੀ ਇਸ ਦਾ ਚਜ ਅਚਾਰ ਹੈ। ਪੰਜ ਪਿਆਰੇ, ਪੰਜ ਜੈਕਾਰੇ, ਪੰਜ ਤਖਤ, ਪੰਜ ਪ੍ਰਵਾਨ, ਪੰਜ ਪ੍ਰਧਾਨ ਦੀ ਗੱਲ ਬੱਚੇ ਬੱਚੇ ਦੇ ਸੁਭਾਅ ਵਿਚ ਰਚੀ ਹੋਈ ਹੈ। 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਹਰ ਕਿਸੇ ਵਿਚ ਆਪਸੀ ਸਾਂਝ ਪੈਦਾ ਕਰਨ ਲਈ ਅਮੁਕ ਸੋਮੇ ਵਜੋਂ ਮੌਜੂਦ ਹੈ। 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਇਲਾਹੀ ਕਥਨ ਇਸ ਭਰਾਤਰੀ ਭਾਵਾਂ ਵਾਲੀ ਵਿਚਾਰ ਸੰਗਲੀ ਨੂੰ ਹੋਰ ਪ੍ਰਪੱਕ ਕਰਦੇ ਹਨ। ਸਾਡੇ ਵਿਚ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਤਾਂਘ ਨੂੰ ਬਲਵਾਨ ਕਰਕੇ ਗੁਰੂ ਸਾਹਿਬਾਨ ਨੇ ਇਹ ਭੇਦ ਭਾਵ ਹੀ ਮਿਟਾ ਦਿੱਤਾ ਕਿ ਇਕ ਮਨੁੱਖ ਦੂਜੇ ਨਾਲੋਂ ਜਾਤ ਪਾਤ, ਕਰਮ ਕਾਂਡ, ਗਰੀਬੀ ਅਮੀਰੀ ਕਾਰਨ ਉੱਚਾ ਨੀਵਾਂ ਜਾਂ ਵੱਡਾ ਛੋਟਾ ਹੋ ਸਕਦਾ ਹੈ। ਸਭਨਾਂ ਵਿਚ ਇਕੋਅਕਾਲਪੁਰਖ ਦੀ ਜੋਤ ਬਿਰਾਜਮਾਨ ਹੈ ਇਸ ਲਈ ਦੂਜੇ ਦਾ ਆਦਰ, ਮਾਣ, ਸਤਿਕਾਰ ਤੇ ਉਸ ਦੇ ਵਿਚਾਰਾਂ ਨੂੰ ਪੂਰਾ ਪੂਰਾ ਵਜ਼ਨ ਦੇਣਾ ਗੁਰੂ ਦੇ ਸਿੱਖ ਲਈ ਜ਼ਰੂਰੀ ਹਦਾਇਤ ਹੈ। 'ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਸੁਭਾਵ ਕੰਠ ਕਰਵਾਉਣ ਲਈ ਗੁਰੂ ਜੋਤਾਂ ਨੇ ਸਾਡਾ ਲੰਗਰ, ਸਾਡੀ ਸੰਗਤ ਤੇ ਪੰਗਤ ਸਾਂਝੀ ਕਰ ਦਿੱਤੀ। ਇਵੇਂ ਹੀ ਸਾਡੇ ਤੀਰਥ ਅਸਥਾਨ ਸਰਬ ਮਾਨਵਤਾ ਦੇ ਸਾਂਝੇ ਤੀਰਥ ਹੋ ਕੇ ਸੰਸਾਰ ਦੇ ਧਾਰਮਿਕ ਨਕਸ਼ੇ ਤੇ ਉਭਰੇ ਜਿਨ੍ਹਾਂ ਵਿਚ ਹਰ ਅਕੀਦੇ ਦੇ ਪ੍ਰਾਣੀ ਬਰਾਬਰੀ ਦੇ ਆਧਾਰ ਤੇ ਬਿਨਾਂ ਭੇਦ ਭਾਵ, ਬਿਨਾਂ ਡਰ ਤੇ ਝਿਜਕ ਦੇ ਖੁਲ੍ਹੇ-ਆਮ ਵਿਚਰਦੇ ਤੇ ਸਭ ਲਈ ਸੁਖ ਸ਼ਾਂਤੀ ਮੰਗਦੇ ਹਨ।ਅੰਗ-652

ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਰ (ਮੀਂਹ)।।

ਹਰਿਮੰਦਰ ਸਾਹਿਬ ਦੀ ਨੀਂਹ ਵੀ ਇਕ ਗ਼ੈਰ-ਸਿੱਖ ਪਰ ਰੱਬ ਦੇ ਉਪਾਸ਼ਕ ਦਰਵੇਸ਼ ਮੀਆਂ ਮੀਰ ਜੀ ਤੋਂ ਰਖਵਾ ਕੇ ਇਸ ਗੱਲ ਨੂੰ ਹੋਰ ਪ੍ਰਪੱਕ ਕਰ ਦਿੱਤਾ ਕਿ ਸਭ ਹੱਥ ਸੁੱਚੇ ਹਨ, ਸਭ ਮਨੁੱਖ ਜੋ ਪ੍ਰਭੂ ਅਰਾਧਨਾ ਵਿਚ ਲੀਨ ਹੋਣ, ਉੱਚੇ ਹਨ। ਹਰਿਮੰਦਰ ਸਾਹਿਬ ਨੂੰ ਸੱਚ, ਸ਼ਾਂਤੀ ਤੇ ਨਿਮਰਤਾ ਦਾ ਸੂਚਕ ਅਸਥਾਨ ਬਣਾਉਣ ਲਈ ਇਸ ਨੂੰ ਧਰਤੀ ਦੀ ਆਮ ਸਤਹ ਨਾਲੋਂ ਨੀਵਾਂ ਰਖਿਆ ਗਿਆ। ਇਸ ਦੇ ਚਾਰੇ ਪਾਸੇ ਰੱਖੇ ਗਏ ਦਰਵਾਜ਼ੇ ਇਸ ਗੱਲ ਦੇ ਲਖਾਇਕ ਬਣਾਏ ਗਏ ਕਿ ਸਿੱਖ ਧਰਮ ਅਸਥਾਨ ਕਿਸੇ ਇਕ ਫਿਰਕੇ, ਬਰਾਦਰੀ ਜਾਂ ਕੌਮ ਦੀ ਮਾਲਕੀ ਨਹੀਂ ਸਗੋਂ ਰੱਬ ਦੇ ਇਹ ਘਰ ਉਸ ਦੇ ਸਭਪੁੱਤਰਾਂ ਧੀਆਂ ਲਈ ਇਕੋ ਜਿਹੀ ਅਪਣਤ ਦੇ ਪ੍ਰਤੀਕ ਹਨ।

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ (ਵੈਰੀ)।।ਅੰਗ-671

ਸਾਂਝੀਵਾਲਤਾ ਤੇ ਬਰਾਬਰੀ ਦੀ ਇਸ ਦੁਰਲਭ ਭਾਵਨਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਵੀ ਧਿਆਨ ਗੋਚਰੇ ਰਖਿਆ ਗਿਆ ਤੇ ਗੁਰੂ ਗ੍ਰੰਥ ਸਾਹਿਬ ਵਰਗੇ ਰੱਬੀ ਗ੍ਰੰਥ ਵਿਚ ਵੀ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਅੰਕਤ ਨਹੀਂ ਕੀਤੀ ਗਈ ਬਲਕਿ 6 ਗੁਰੂ ਸਾਹਿਬਾਨ ਦੇ ਨਾਲ ਨਾਲ 30 ਹੋਰ ਮਹਾਂ-ਪੁਰਸ਼ਾਂ ਦੀ ਬਾਣੀ ਨੂੰ ਵੀ ਉਹੀ ਸਤਿਕਾਰੀ ਦਰਜਾ ਦਿੱਤਾ ਗਿਆ ਜਿਹੜਾ ਗੁਰੂਆਂ ਦੀ ਬਾਣੀ ਨੂੰ ਪ੍ਰਾਪਤ ਹੋਇਆ। ਇਨ੍ਹਾਂ 30 ਮਹਾਂ-ਪੁਰਸ਼ਾਂ ਵਿਚ ਰਾਜੇ ਵੀ ਸਨ ਤੇ ਰੰਕ ਵੀ, ਉੱਚੀਆਂ ਜਾਤੀਆਂ ਵਾਲੇ ਵੀ ਸਨ ਤੇ ਅਖੌਤੀ ਛੋਟੀਆਂ ਤੇ ਨੀਚ ਜਾਤਾਂ ਵਾਲੇ ਵੀ। ਹਿੰਦੂ, ਬ੍ਰਾਹਮਣ, ਖੱਤਰੀ ਵੀ ਸਨ ਤੇ ਮੁਸਲਮਾਨ ਫਕੀਰ, ਦਰਵੇਸ਼ ਤੇ ਸਿੱਖ ਸੇਵਕ ਵੀ। ਜੇ ਪੰਜਾਬ ਦੇ ਮਹਾਂ-ਪੁਰਸ਼ਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਮਾਨਯੋਗ ਸਥਾਨ ਪਾਇਆ ਹੈ ਤਾਂ ਮਹਾਂਰਾਸ਼ਟਰ, ਬੰਗਾਲ, ਰਾਜਸਥਾਨ, ਯੂ. ਪੀ., ਮਧਿਆ ਪ੍ਰਦੇਸ਼ ਆਦਿ ਵਿਚ ਜਨਮੇ ਸੰਤ ਪੁਰਖਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਉਸੇ ਸਿਦਕੀ ਸਤਿਕਾਰ ਵਿਚ ਦਰਜ ਕੀਤਾ ਗਿਆ ਹੈ ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਨੂੰ ਅੰਕਤ ਕੀਤਾ ਗਿਆ। ਮੁੱਖ ਆਸ਼ਾ ਕੇਵਲ ਇਹੀ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਜਾਣ ਵਾਲੀ ਬਾਣੀ ਸਿੱਖ ਸਿਧਾਂਤਾਂ ਦੇ ਅਨੁਕੂਲ ਹੋਵੇ ਜਿਸ ਤੋਂ ਹਉਮੈ ਟੁੱਟੇ, ਮਿਠਤ, ਪ੍ਰੇਮ, ਪਿਆਰ, ਨਿਮਰਤਾ, ਮਿਲਵਰਤਣ ਤੇ ਸਰਬ-ਸਾਂਝੀਵਾਲਤਾ ਦਾਪ੍ਰਦਰਸ਼ਨ ਹੋਵੇ, ਜਿਸ ਵਿਚ ਮਾਨਵਤਾ ਲਈ ਸੱਚ ਤੇ ਸ਼ਾਂਤੀ ਦਾ ਸੰਦੇਸ਼ ਹੋਵੇ ਜਿਸ ਦੁਆਰਾ ਆਤਮਿਕ ਤ੍ਰਿਪਤੀ, ਸਮਾਜਿਕ ਭਲਾਈ ਤੇ ਆਰਥਿਕ ਸਵੈ-ਨਿਰਭਰਤਾ ਪ੍ਰਬਲ ਹੋ ਸਕੇ ਅਤੇ ਮਨੁੱਖੀ ਭਾਈਚਾਰੇ ਦੀਆਂ ਤੰਦਾਂ ਹੋਰ ਪੱਕੀਆਂ ਹੋ ਸਕਣ।

ਸਭੇ ਜੀਅ ਸਮਾਲਿ (ਸੰਭਾਲ) ਅਪਣੀ ਮਿਹਰ ਕਰੁ ।।
ਅੰਨੁ ਪਾਣੀ ਮੁਚੁ (ਬਹੁਤ) ਉਪਾਇ ਦੁਖ ਦਾਲਦੁ ਭੰਨਿ (ਤੋੜ) ਤਰੁ (ਧਰ)।।
ਅੰਗ-1251

ਗੁਰੂ ਗ੍ਰੰਥ ਸਾਹਿਬ ਵਿਚ ਥਾਂ ਪਰ ਥਾਂ ਬੜੇ ਉਘੜਵੇਂ ਰੂਪ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸਭਨਾਂ ਦਾ ਮਾਲਕ, ਸ਼ਾਹ, ਦਾਤਾ, ਖਸਮ, ਕਰਤਾ, ਸਾਹਿਬ, ਮਾਂ-ਪਿਉ ਇਕੋ ਅਕਾਲਪੁਰਖ ਆਪ ਹੀ ਹੈ। ਇਸ ਲਈ ਸਭ ਨੂੰ ਪਰੀਚਤ ਹੋਣਾ ਚਾਹੀਦਾ ਹੈ ਕਿ ਸਾਰੇ ਮਨੁੱਖ ਮਾਤਰ ਆਪਸ ਵਿਚ ਭਰਾ ਭਰਾ ਹਨ ਤੇ ਇਕੋ ਅਕਾਲਪੁਰਖ ਦੀ ਸੰਤਾਨ ਹੋਣ ਕਰਕੇ ਸਭ ਵਿਚ ਉਹੀ ਪ੍ਰਮਾਤਮਾ ਰਵ ਰਿਹਾ ਹੈ, ਹਰ ਇਕ ਵਿਚ ਉਸ ਦੀ ਹੀ ਜੋਤ ਜਗਮਗਾ ਰਹੀ ਹੈ ਤੇ ਉਹੀ ਹਰ ਪ੍ਰਾਣੀ ਦੇ ਹਿਰਦੇ ਵਿਚ ਨਿਵਾਸ ਰੱਖ ਰਿਹਾ ਹੈ। 'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ' ਦੀ ਗੱਲ ਸਾਰੀ ਲੁਕਾਈ ਨੂੰ ਬਾਰ ਬਾਰ ਤੇ ਕਈ ਢੰਗਾਂ ਨਾਲ ਸਮਝਾਈ ਗਈ ਹੈ। ਸਪੱਸ਼ਟ ਸ਼ਬਦਾਂ ਵਿਚ ਇਹ ਉਪਦੇਸ਼ ਵੀ ਦਿੱਤਾ ਗਿਆ ਹੈ ਕਿ ਸਭ ਹਿਰਦੇ ਅਕਾਲਪੁਰਖ ਰੂਪੀ ਮਾਣਕ ਮੋਤੀ ਹਨ ਇਸ ਲਈ ਕਿਸੇ ਦਾ ਦਿਲ ਭੁਲ ਕੇ ਵੀ ਨਹੀਂ ਦੁਖਾਉਣਾ, ਕਿਸੇ ਨੂੰ ਆਪਣੇ ਤੋਂ ਨੀਵਾਂ ਨਹੀਂ ਸਮਝਣਾ ਸਗੋਂ ਹਰ ਕਿਸੇ ਨੂੰ ਆਦਰ ਮਾਣ ਦੇਣਾ ਹੈ ਤੇ ਆਪਣੇ ਆਪ ਨੂੰ ਸਭਤੋਂ ਨੀਵਾਂ ਸਮਝਣਾ ਹੈ। ਇਹੀ ਸਾਂਝੀਵਾਲਤਾ ਦਾ ਨਚੋੜ ਹੈ।ਇਕੁ ਫਿਕਾ ਨ ਗਾਲਾਇ (ਬੋਲੇ) ਸਭਨਾ ਮੈ ਸਚਾ ਧਣੀ।। ਹਿਆਉ (ਹਿਰਦਾ) ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।।ਅੰਗ-1384ਇਸ ਲਈ ਇਨ੍ਹਾਂ ਹਦਾਇਤਾਂ, ਉਪਦੇਸ਼ਾਂ ਤੇ ਤਾੜਨਾਵਾਂ ਦੀ ਮੌਜੂਦਗੀ ਕਾਰਨ ਹਰ ਗੁਰਬਾਣੀ ਪ੍ਰੇਮੀ ਲਈ ਲਾਜ਼ਮੀ ਹੈ ਕਿ ਉਹ ਹਰ ਇਕ ਨੂੰ ਦਿਲੋਂ ਪਿਆਰ ਕਰੇ, ਵੱਸ ਲਗਦੇ ਦੂਜੇ ਦੀ ਨਿਸ਼ਕਾਮ ਸੇਵਾ ਕਰੇ। ਸੇਵਾ ਕਰਦਿਆਂ ਉਸ ਨੂੰ ਕਿਸੇ ਨਾਲ ਤਫਰਕਾ ਵੀ ਬਿਲਕੁਲ ਨਹੀਂ ਕਰਨਾ ਚਾਹੀਦਾ ਕਿਉਂਕਿ ਸਾਰਿਆਂ ਵਿਚ ਇਕੋ 'ਸੱਚਾ ਸੋਈ' ਹੀ ਵਿਚਰ ਰਿਹਾ ਹੈ। ਇਸ ਲਈ ਸੇਵਾ ਤਾਂ ਉਸ ਅਕਾਲਪੁਰਖ ਦੀ ਕਰਨੀ ਹੈ ਉਸ ਦੇ ਸਾਜੇ ਜੀਵਾਂ ਦੀ ਸੇਵਾ ਦੇ ਮਾਧਿਅਮ ਰਾਹੀਂ। ਅਜਿਹੀ ਸੇਵਾ ਸਤਿਗੁਰ ਦੀ ਆਪਣੀ ਸੇਵਾ ਹੈ ਤੇ ਹੈ ਵੀ ਸਫਲ। ਸੇਵਾ ਦੀ ਮਹੱਤਤਾ ਵੀ ਲੁਕਾ ਕੇ ਨਹੀਂ ਰਖੀ ਗਈ। ਫਰਮਾਣ ਹੈ :

ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।।ਅੰਗ-26

ਇਸ ਸੇਵਾ ਤੋਂ ਸੁੱਖ ਹੀ ਸੁੱਖ ਉਪਜਦਾ ਹੈ, ਸ਼ਾਂਤੀ ਮਿਲਦੀ ਹੈ, ਮਨ ਦੀ ਮੈਲ ਉਤਰਦੀ ਹੈ, ਹਲੀਮੀ ਦਾ ਵਾਸਾ ਹੁੰਦਾ ਹੈ ਅਤੇ ਜ਼ਿੰਦਗੀ ਵਿਚ ਅਮਨ, ਸੰਤੋਖ ਤੇ ਸੁਚਮਤਾ ਦੇ ਗੁਣ ਉਜਾਗਰ ਹੁੰਦੇ ਹਨ, ਹੱਥ ਸੁੱਚੇ ਹੁੰਦੇ ਹਨ, ਮਨ ਨਿਰਮਲ ਹੁੰਦਾ ਹੈ, ਆਪਸੀ ਸਨੇਹਵਿਕਸਤ ਤੇ ਪ੍ਰਪੱਕ ਹੁੰਦਾ ਹੈ। ਸੋ ਇਹ ਸਾਰੀ ਖੇਡ ਮਾਨਵੀ ਪ੍ਰੇਮ ਪਿਆਰ ਤੇ ਆਧਾਰਿਤ ਹੈ ਤੇ ਜਿਥੇ ਪਿਆਰ ਹੈ ਉਥੇ ਨਫਰਤ, ਬਖੀਲੀ ਦੀ ਗੁੰਜਾਇਸ਼ ਨਹੀਂ, ਉਥੇ ਸਾਂਝੀਵਾਲਤਾ ਖੁਦ ਬਖੁਦ ਪਣਪਦੀ ਹੈ। ਦਿਆ, ਧਰਮ, ਤਰਸ, ਰਹਿਮ, ਧੀਰਜ, ਸੰਤੋਖ, ਸਬਰ, ਸੰਤੁਸ਼ਟਤਾ, ਨਰਮਦਿਲੀ, ਮੁਲਾਇਮਤਾ, ਸੁਹਿਰਦਤਾ, ਸ਼ੁਭਚਿੰਤਤਾ, ਸੁਸ਼ੀਲਤਾ, ਸਿਦਕਦਿਲੀ, ਮਿਹਰਬਾਨੀ, ਨਿਗਾਹਬਾਨੀ, ਸਹਿਣਸ਼ੀਲਤਾ ਤੇ ਖਿਮਾ ਆਦਿ ਸਾਂਝੀਵਾਲਤਾ ਦੀਆਂ ਬੇਹਤਰੀਨ ਕੜੀਆਂ ਹਨ ਜਿਨ੍ਹਾਂ ਦਾ ਭਰਵਾਂ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਮਨੁੱਖ ਨੂੰ ਸੁਹਿਰਦ ਬਨਾਉਣ ਲਈ ਹਰ ਇਕ ਇਛਾਈ ਦੇ ਆਪਣੇ ਕਰਮ ਤੇ ਲਛਣ ਹਨ। ਖਿਮਾਂ ਨੂੰ ਹੀ ਲੈ ਲਵੋ, ਇਸ ਦੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਭ ਭਟਕਣਾਂ, ਅਸ਼ਾਂਤੀਆਂ, ਚਿੰਤਾਵਾਂ, ਈਰਖਾਵਾਂ, ਬਖੇਲੀਆਂ, ਭਰਮ-ਭੁਲੇਖੇ ਤੇ ਤਣਾਅ ਦੂਰ ਹੋ ਜਾਂਦੇ ਹਨ ਤੇ ਮਨੁੱਖ ਦੂਜੇ ਪ੍ਰਤੀ ਸਦਭਾਵਨਾ ਰੱਖਣ ਲੱਗ ਪੈਂਦਾ ਹੈ ਜੋ ਸਾਂਝੀਵਾਲਤਾ ਦਾ ਸੁਖਾਵਾਂ ਤੇ ਮਜ਼ਬੂਤ ਆਧਾਰ ਹੈ।ਖਿਮਾ ਗਹੀ (ਗ੍ਰਹਿਣ ਕੀਤੀ)

ਸਚੁ ਸੰਚਿਓ ਖਾਇਓ ਅੰਮ੍ਰਿਤੁਨਾਮ।।
ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ।।ਅੰਗ-261

ਆਪਾ ਚੀਨਣ ਨਾਲ ਆਪਣੇ ਬਾਰੇ, ਪ੍ਰਮਾਤਮਾ ਬਾਰੇ ਤੇ ਮਾਨਵ ਸਮਾਜ ਬਾਰੇ ਜਾਣਨ ਦਾ ਅਵਸਰ ਮਿਲਦਾ ਹੈ ਜੋ ਸਾਂਝੀਵਾਲਤਾ ਫੈਲਾਉਣ ਲਈ ਬੜਾ ਵੱਡਾ ਰੋਲ ਅਦਾ ਕਰਦਾ ਹੈ। ਇਸ ਵਿਚ ਕਿਸੇ ਪ੍ਰਕਾਰ ਦੀ ਵੀ ਅਤਿਕਥਨੀ ਨਹੀਂ ਕਿ ਜਿਸ ਨੇ ਆਪਣੇ ਆਪ ਨੂੰ ਜਾਣ ਲਿਆ ਉਸ ਨੇ ਪ੍ਰਮਾਤਮਾ ਨੂੰ ਜਾਣ ਲਿਆ। ਅਜਿਹੀ ਸਥਿਤੀ ਵਿਚ ਸਾਰੀ ਮਨੁੱਖਤਾ ਉਸ ਨੂੰ ਇਕ ਦੂਜੇ ਦਾ ਅਨਿਖੜਵਾਂ ਅੰਗ ਦਿਸੇਗੀ।

**ਕਹੁ ਨਾਨਕ ਗੁਰਿ ਖੋਏ ਭਰਮ ।। ਏਕੋ ਅਲਹੁ ਪਾਰਬ੍ਰਹਮ ।।ਅੰਗ-897**

ਇਹ ਗੱਲ ਵੀ ਆਮ ਮੰਨੀ ਜਾਂਦੀ ਹੈ ਕਿ ਸਭ ਮਾਨਵ ਸ਼ੁਰੂ ਵਿਚ ਇਕੋ ਸਰੋਤ ਤੋਂ ਹੀ ਉਪਜੇ ਹਨ ਇਸ ਲਈ ਸਾਡੀ ਸੋਚ ਵਿਚ ਦੂਜੇ ਪ੍ਰਤੀ ਸੁਹਿਰਦਤਾ ਦਾ ਹੋਣਾ ਅਤੀ ਜ਼ਰੂਰੀ ਹੈ। ਅਲਹਾ ਵੀ ਉਹੀ ਹੈ ਤੇ ਪਾਰਬ੍ਰਹਮ ਵਾਹਿਗੁਰੂ ਵੀ ਉਹੀ, ਅਸੀਂ ਸਾਰੇ ਉਸਦੀ ਸੰਤਾਨ ਹਾਂ, ਫਿਰ ਮਨੁੱਖ ਮਨੁੱਖ ਵਿੱਚ ਤਫਰਕਾ ਕਾਹਦਾ? ਜੇ ਕਰ ਅਜਿਹੀ ਭਾਵਨਾ ਉਜਾਗਰ ਹੋ ਜਾਵੇ ਤਾਂ ਫਿਰ ਇਕ ਅੰਗ ਦੇ ਦੁਖੀ ਹੋਣ ਨਾਲ ਦੂਜਾ ਸੁਖੀ ਨਹੀਂ ਮਹਿਸੂਸ ਕਰ ਸਕੇਗਾ। ਗੁਰੂ ਨਾਨਕ ਦੇਵ ਜੀ ਦਾ ਬਈਂ ਨਦੀ ਵਿਚੋਂ ਨਿਕਲਣ ਸਮੇਂ ਬਿਆਨ ਸੀ ਕਿ ਨਾ ਕੋਈ ਹਿੰਦੂ ਹੈ ਨਾ ਹੀ ਮੁਸਲਮਾਨ ਹੈ। ਜੇਕਰ ਖੁਲ੍ਹੇ ਰੂਪ ਵਿਚ ਇਸ ਦੇ ਅਰਥ ਲਏ ਜਾਣ ਤਾਂ ਉਹ ਇਹ ਨਿਕਲਦੇ ਹਨ ਕਿ ਸਭ ਮਨੁੱਖ ਇਕੋ ਰੂਪ ਹੀ ਹਨ। ਇਹ ਵੰਡੀਆਂ ਫਜ਼ੂਲ ਹਨ ਤੇ ਬਖੇੜੇ ਦੀ ਜੜ੍ਹ ਹਨ। ਜੇਕਰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਵਰਗੇ ਸੁਨਹਿਰੀ ਅਸੂਲ ਸਾਰੀ ਮਨੁੱਖਤਾ ਵੱਲੋਂ ਅਪਨਾ ਲਏ ਜਾਣ ਤਦ ਆਪਣੇ-ਆਪ ਹੀ ਸਾਂਝੀਵਾਲਤਾ ਦੀ ਧਾਰਨਾ ਪ੍ਰਪੱਕ ਹੁੰਦੀ ਹੈ, ਪਿਆਰ ਵਧਦਾ ਹੈ, ਨਫਰਤ ਤੇ ਟਕਰਾਓ ਮੁਕਦਾ ਹੈ। ਸੱਚਾ ਧਰਮ ਸਾਨੂੰ ਇਸ ਪਾਸੇ ਵੱਲ ਅੱਗੇ ਤੁਰਨ ਦੀ ਪ੍ਰੇਰਨਾ ਕਰਦਾ ਹੈ ਪਰ ਜਿਹੜੇ ਸੁਆਰਥੀ ਜਾਂ ਕੱਟੜ ਭਾਵਨਾ ਵਾਲੇ ਮਨੁੱਖ ਧਰਮ ਦੇ ਨਾਂ ਤੇ ਝਗੜਾ ਕਰਦੇ ਹਨ, ਬਖੇੜ ਪੈਦਾ ਕਰਦੇ ਹਨ ਉਹ ਧਰਮਦੀ ਅਤੀ ਕੋਮਲ ਤੇ ਪਵਿੱਤਰ ਭਾਵਨਾ ਨੂੰ ਬੇਹੱਦ ਠੇਸ ਪਹੁੰਚਾਉਂਦੇ ਹਨ। ਖੁਦਗਰਜ਼ੀ, ਅੰਧ ਵਿਸ਼ਵਸਤਾ ਤੇ ਸਾੜਾ ਧਾਰਮਿਕ ਮਿਲਵਰਤਣ ਵਿਚ ਖਲਲ ਪਾਉਣ ਦੇ ਵੱਡੇ ਕਾਰਨ ਹਨ। ਯਹੀ ਹੈ ਅਬਾਦਤ ਯਹੀ ਹੈ ਇਮਾਂ, ਕਿ ਕਾਮ ਆਏ ਦੁਨੀਆ ਮੇਂ ਇਨਸਾਂ ਕੋ ਇਨਸਾਂ।ਇਸ ਲਈ ਹਰ ਇਕ ਨੂੰ ਜੋੜਨ ਦੀ ਕਿਰਿਆ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਤੋੜਨ ਦੀ ਪ੍ਰਵਿਰਤੀ ਤੋਂ ਸੰਕੋਚ ਕਰਨਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਕਈ ਢੰਗਾਂ ਨਾਲ ਸਾਨੂੰ ਇਹੋ ਉਪਦੇਸ਼ ਦਿੱਤਾ ਹੈ ਕਿ ਕੈਂਚੀ ਦਾ ਰੋਲ ਤਿਲਾਂਜ ਕੇ ਸੂਈ ਧਾਗੇ ਦਾ ਰੋਲ ਫੜੀਏ, ਭਾਵ ਜੋੜਨ ਦੀ ਕਿਰਿਆ ਕਰੀਏ ਤੋੜਨ, ਫੋੜਨ ਜਾਂ ਪਾੜਨ ਦੀ ਨਹੀਂ।ਸਾਂਝੀਵਾਲਤਾ ਦੇ ਆਸ਼ੇ ਨੂੰ ਮੁੱਖ ਰਖਦਿਆਂ ਹੋਇਆਂ ਜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਵੰਡੀ ਹੈ ਤਾਂ ਉਹ ਵੀ ਕਿਸੇ ਇਕ ਫਿਰਕੇ ਦੇ ਲੋਕਾਂ ਲਈ ਨਹੀਂ ਸੀ। ਕੋਈ ਆਂਧਰਾ ਦਾ ਵਸਨੀਕ ਪ੍ਰੇਮੀ ਸੀ ਤੇ ਕੋਈ ਪੰਜਾਬ ਦਾ। ਜੇ ਪੰਜ ਪਿਆਰਿਆਂ ਵਿਚੋਂ ਇਕ ਜੱਟ ਜਾਂ ਖੱਤਰੀ ਸੀ ਤਾਂ ਬਾਕੀ ਦੂਜੇ ਹੋਰ ਵਰਨਾਂ ਜਾਤਾਂ ਦੇ ਛੀਂਬੇ, ਨਾਈ ਜਾਂ ਝੀਵਰ ਸਨ। ਨਾਂ ਅਨੁਸਾਰ ਇਹ ਪੰਜ ਪਿਆਰੇ 1. ਦਇਆ 2. ਧਰਮ 3. ਮੋਹਕਮ 4. ਹਿੰਮਤ ਤੇ 5. ਸਾਹਿਬ ਦੇ ਪ੍ਰਤੀਕ ਬਣੇ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਿੰਨ ਭਿੰਨ ਇਲਾਕਿਆਂ ਤੇ ਜਾਤਾਂ ਬਰਾਦਰੀਆਂ ਦੇ ਪੰਜ ਮਨੁੱਖਾਂ ਨੂੰ ਸਾਂਝੇ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਕ ਕਰਨ ਦੀ ਬੜੀ ਲਾਮਿਸਾਲ ਸੇਧ ਦਿੱਤੀ ਤੇ ਅਦੁਤੀ ਨਿਮਰਤਾ ਤੇ ਹਲੀਮੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਪੰਜ ਪਿਆਰਿਆਂ ਨੂੰ ਅਰਜ਼ ਕੀਤੀ ਕਿ ਉਹ 'ਭੇਦ-ਭਾਵ ਮਟਾਉਣ ਤੇ ਚਿੜੀਆਂ ਤੋਂ ਬਾਜ਼ ਤੁੜਾਉਣ ਵਾਲੀ ਅੰਮ੍ਰਿਤ ਦੀ ਦਾਤ' ਉਨ੍ਹਾਂ ਨੂੰ ਵੀ ਬਖਸ਼ ਕੇ ਕਰਤਾਰਥ ਕਰਨ ਤੇ ਆਪਣੇ ਨਾਲ ਰਲਾ ਲੈਣ। ਗੁਰੂ ਸਾਹਿਬ ਦੇ ਇਸ ਕਰਾਮਾਤੀ ਕਰਮ ਨਾਲ ਸਦੀਆਂ ਦੀਆਂ ਜ਼ਾਤ-ਪਾਤੀ ਜ਼ੰਜੀਰਾਂ ਦੀਆਂ ਕੜੀਆਂ ਟੁੱਟਣ ਲੱਗ ਪਈਆਂ। ਇਵੇਂ ਦੇਸ਼ ਦੇ ਸਮਾਜ ਵਿਚ ਇਕ ਸ਼ਾਨਦਾਰ ਇਨਕਲਾਬ ਆ ਗਿਆ, ਨਵੀਂ ਜਾਗਰਤੀ ਉਭਰੀ ਤੇ ਸਾਂਝੀਵਾਲਤਾ ਦੇ ਉਦੇਸ਼ ਨੂੰ ਅਮਲੀ ਬਲ ਮਿਲਿਆ।ਇੱਥੇ ਹੀ ਬਸ ਨਹੀਂ ਸਿੱਖ ਕੌਮ ਨਾਲ ਸਬੰਧਤ ਪੰਜ ਤਖਤ ਵੀ ਸਾਰੇ ਭਾਰਤ ਵਿਚ ਸੁਭਾਇਮਾਨ ਹਨ। ਜੇ ਅਕਾਲ ਤਖਤ ਅੰਮ੍ਰਿਤਸਰ ਵਿਖੇ ਸਸ਼ੋਭਿਤ ਹੈ ਤਾਂ ਪਟਨਾ ਸਾਹਿਬ ਦਾ ਤਖਤ ਬਿਹਾਰ ਵਿਚ ਹੈ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੱਖਣ ਮਹਾਰਾਸ਼ਟਰ ਵਿਚ ਹੈ। ਇਸੇ ਤਰ੍ਹਾਂ ਇਤਿਹਾਸਕ ਸਿੱਖ ਗੁਰਧਾਮ ਸਾਰੇ ਭਾਰਤ, ਪਾਕਿਸਤਾਨ,ਅਫ਼ਗ਼ਾਨਿਸਤਾਨ, ਨਿਪਾਲ, ਸਿੱਕਮ, ਭੁਟਾਨ, ਤਿੱਬਤ, ਬਰਮਾ, ਇਰਾਕ, ਚੀਨ, ਸਾਊਦੀ ਅਰਬ, ਰੂਸ ਆਦਿ ਦੇਸ਼ਾਂ ਵਿਚ ਸਥਿਤ ਹਨ ਤੇ ਗੁਰੂ ਸਾਹਿਬਾਨ ਦੇ ਸੱਚ ਪ੍ਰੇਮ, ਸ਼ਾਂਤੀ ਅਤੇ ਭਰਾਤਰੀ ਭਾਵ ਦੇ ਵਿਸ਼ਵ-ਵਿਆਪੀ ਮਿਸ਼ਨ ਦੀ ਸਾਖੀ ਭਰਦੇ ਹਨ। ਸਿੱਖਾਂ ਦੇ ਗੁਰਧਾਮਾਂ ਦੀ ਹੋਂਦ ਹੁਣ ਤਾਂ ਦੁਨੀਆਂ ਦੇ ਲਗਪਗ ਸਾਰੇ ਦੇਸ਼ਾਂ ਵਿਚ ਮੌਜੂਦ ਹੈ ਜਿਥੇ ਕੇਸਰੀ ਨਿਸ਼ਾਨ ਸਾਹਿਬ ਝੁਲ ਝੁਲ ਕੇ ਸਾਰੀ ਮਾਨਵਤਾ ਲਈ ਸਾਂਝੀਵਾਲਤਾ ਦਾ ਪ੍ਰਮਾਣ ਪੇਸ਼ ਕਰ ਰਹੇ ਹਨ।ਸਿੱਖ ਦਰਸ਼ਨ ਨੇ ਗਰਿਸਥ ਆਸ਼ਰਮ ਵਿਚ ਰਹਿ ਕੇ ਮਾਨਵੀ ਸੇਵਾ ਅਤੇ ਇਕ ਅਕਾਲਪੁਰਖ ਦਾ ਸਿਮਰਨ ਕਰਨ ਦੀ ਜਿਹੜੀ ਤਾਕੀਦ ਕੀਤੀ ਹੈ ਉਸ ਨੂੰ ਬਹੁਤ ਕੰਨਾਂ ਤੱਕ ਪਹੁੰਚਾਉਣ ਲਈ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਦੇਸ਼ ਦਿਸ਼ਾਂਤਰਾਂ ਦਾ ਭਰਵਾਂ ਰਟਨ ਕਰਨਾ ਪਿਆ। ਇਕੱਲੇ ਗੁਰੂ ਨਾਨਕ ਦੇਵ ਜੀ ਨੇ 24 ਸਾਲ ਇਸ ਕਾਰਜ ਲਈ ਸਰਫ ਕਰਕੇ ਕੋਈ 39 ਹਜ਼ਾਰ ਕਿਲੋਮੀਟਰ ਦੇ ਪੈਦਲ ਸਫਰ ਰਾਹੀਂ ਸਾਂਝੀਵਾਲਤਾ ਦਾ ਪੈਗ਼ਾਮ ਉਸ ਸਮੇਂ ਦੇ ਜਾਗਰਿਤ ਸੰਸਾਰ ਵਿਚ ਲੋਕਾਂ ਦੀਆਂ ਸਥਾਨਿਕ ਭਾਸ਼ਾਵਾਂ ਦੁਆਰਾ ਪਹੁੰਚਾਉਣ ਦੇ ਸਫਲ ਪ੍ਰਯਤਨ ਕੀਤੇ। ਜੇ ਗੁਰੂ ਨਾਨਕ ਦੇਵ ਜੀ ਨੇ ਮਾਨਵ ਜਾਤੀ ਨੂੰ ਨਾਮ ਜਪਣ, ਵੰਡ ਛਕਣ, ਕਿਰਤ ਕਰਨ ਦਾ ਉਪਦੇਸ਼ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਚਿੜੀਆਂ ਤੋਂ ਬਾਜ਼ ਤੁੜਵਾਉਣ ਦੀ ਸ਼ਕਤੀ ਉਨ੍ਹਾਂ ਸਿਦਕਵਾਨਾਂ ਵਿਚ ਭਰ ਦਿੱਤੀ ਜਿਹੜੇ ਨੇਕੀ ਦੀ ਖਾਤਰ, ਦੇਸ਼ ਕੌਮ ਦੀ ਆਨ ਸ਼ਾਨ ਵਾਸਤੇ ਆਪਣਾ ਆਪਾ ਕੁਰਬਾਨ ਕਰ ਦੇਣਾ ਇਕ ਮਾਮੂਲੀ ਗੱਲ ਸਮਝਦੇ ਸਨ। ਇਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ 'ਖਾਲਸਾ' ਗੁਰੂ ਜੀ ਦੀ ਬਖਸ਼ਿਸ਼ ਸਦਕਾ 'ਅਕਾਲਪੁਰਖ ਦੀ ਫੌਜ' ਬਣ ਗਿਆ ਜਿਹੜਾ ਬਦੀ ਦਾ ਦੁਸ਼ਮਣ ਤੇ ਮਜ਼ਲੂਮ ਦਾ ਰਖਿਅਕ ਬਣਿਆ।ਸਭ ਤੋਂ ਲਾਮਿਸਾਲ ਕਾਰਨਾਮਾ ਆਦਿ ਗ੍ਰੰਥ ਸਾਹਿਬ ਨੂੰ ਗੁਰਗੱਦੀ ਪ੍ਰਦਾਨ ਕਰਨ ਦਾ ਹੋਇਆ ਜਿਸ ਕਰਕੇ ਸਮੁੱਚੀ ਮਾਨਵਤਾ ਦੇ ਗੁਰੂ, 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਬਣੇ ਜਿਨ੍ਹਾਂ ਦਾ ਸਰਬ ਸਾਂਝਾ ਸੰਦੇਸ਼ ਹੈ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।।**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।।ਅੰਗ-853**

ਪ੍ਰਮਾਤਮਾ ਦੀ ਅਪਾਰ ਕਿਰਪਾ ਹੋਈ ਤੇ ਨਾਮ ਰੂਪੀ ਗੁਰੂ ਸਾਡਾ ਸਾਰਿਆਂ ਦਾ ਅਗਵਾਈ ਕਰਤਾ ਹੋਇਆ ਜਿਸ ਦੀ ਸਰਦਾਰੀ ਥੱਲੇ ਸਭ ਮੇਰ ਤੇਰ ਮੁੱਕ ਗਈ ਤੇ ਸਾਰੇ ਗੁਰਬਾਣੀ ਉਪਾਸ਼ਕ ਇਕ ਹੋ ਗਏ ਅਤੇ ਗੁਰਬਾਣੀ ਵਿਚਲਾ ਸਾਂਝੀਵਾਲਤਾ ਦਾ ਸੰਦੇਸ਼ ਉਜਾਗਰ ਹੋਣ ਨਾਲ ਹਰ ਪ੍ਰਕਾਰ ਦੇ ਤਫਰਕੇ ਅਤੇ ਦੂਰੀਆਂ ਕਮਜ਼ੋਰ ਪੈਣ ਲਗ ਪਈਆਂ। ਇੰਜ ਜੁੱਗੋ ਜੁਗ ਅਟੱਲ ਸ਼ਬਦ ਗੁਰੂ ਦੀ ਸ਼ਰਨ ਵਿਚ ਆਏ ਸਭ ਮਨੁੱਖ ਇਕ ਸਮਾਨ ਹੋ ਗਏ ਤੇ ਗੁਰੂ ਦੇ ਸਿੱਖ ਲਈ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਬਣ ਗਿਆ ਤੇ ਗਰੀਬ ਭਾਵੇਂ ਕੋਈ ਵੀ ਕਿਉਂ ਨਾ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਭਾਈ ਘਨ੍ਹਈਆ ਜੀ ਨੂੰ ਉਸ ਸਮੇਂ ਸ਼ਾਬਾਸ਼ ਦੇਂਦੇ ਹਨ ਜਦ ਉਨ੍ਹਾਂ ਨੂੰ ਇਹ ਪਤਾ ਲਗਦਾ ਹੈ ਕਿ ਭਾਈ ਸਾਹਿਬਜੰਗ ਵਿਚ ਜ਼ਖਮੀ ਹੋਏ ਦੋਹਾਂ ਧਿਰਾਂ ਦੇ ਸਿਪਾਹੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਪਾਣੀ ਪਿਲਾਉਂਦੇ ਹਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮਲ੍ਹਮ ਦੀ ਡੱਬੀ ਵੀ ਦਿੱਤੀ ਕਿ ਪਾਣੀ ਪਿਲਾਉਣ ਦੇ ਨਾਲ ਨਾਲ ਉਨ੍ਹਾਂ ਦੇ ਜ਼ਖਮਾਂ ਨੂੰ ਠੀਕ ਕਰਨ ਦਾ ਵੀ ਉਪਰਾਲਾ ਕੀਤਾ ਕਰੋ। ਗੁਰੂ ਸਾਹਿਬ ਦੀ ਉਦਾਰਚਿਤਤਾ ਤੇ ਵਿਸ਼ਾਲ ਚਿੱਤਤਾ ਦਾ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਕਿ ਸੱਚ ਦੀ ਖਾਤਰ ਜੂਝਣ ਵਾਲੇ ਹਿੰਦੂ, ਮੁਸਲਮਾਨਾਂ ਨੂੰ ਵੀ ਉਨ੍ਹਾਂ ਸਤਿਕਾਰਿਆ ਅਤੇ ਗਲਤ ਕੰਮ ਕਰਨ ਵਾਲੇ ਆਪਣੇ ਮਸੰਦਾਂ ਤੇ ਸਿੱਖਾਂ ਨੂੰ ਵੀ ਨਹੀਂ ਬਖਸ਼ਿਆ। ਗੁਰੂ ਗੋਬਿੰਦ ਸਿੰਘ ਜੀ ਦਾ ਨੀਲਾ ਘੋੜਾ ਖੁੱਲ੍ਹੇ ਨੀਲੇ ਗਗਨ ਦੀ ਵਿਸ਼ਾਲਤਾ ਦੇ ਪ੍ਰਤੀਕ ਚਿੰਨ੍ਹ ਦੇ ਰੂਪ ਵਿਚ ਸਾਹਮਣੇ ਆਇਆ ਜਿਹੜਾ ਗੁਰੂ ਦੇ ਸਿੱਖ ਦੇ ਵਿਸ਼ਾਲ ਹਿਰਦੇ ਦੀ ਤਰਜਮਾਨੀ ਕਰਦਾ ਹੈ ਅਤੇ ਸਫ਼ੈਦ ਬਾਜ ਉਸ ਅਥਾਹ ਸ਼ਕਤੀ ਦਾ ਅਲੰਬਰਦਾਰ ਬਣਿਆ ਜਿਸ ਦਾ ਗੁਰੂ ਦਾ ਸਿੱਖ, ਗੁਰੂ ਦੀ ਕਿਰਪਾ ਸਦਕਾ ਧਾਰਨੀ ਹੋਇਆ ਹੈ। ਪਰ ਨਾਲ ਹੀ ਬਾਜ਼ ਦਾ ਸਫ਼ੈਦ ਰੰਗ ਸਪੱਸ਼ਟ ਰੂਪ ਵਿਚ ਸਾਨੂੰ ਤਾਕੀਦ ਕਰਦਾ ਹੈ ਕਿ ਇਹ ਸ਼ਕਤੀ ਅਮਨ, ਭਰਾਤਰੀ ਭਾਵ, ਸਾਂਝੀਵਾਲਤਾ, ਨੇਕ ਕਰਮੀ ਤੇ ਉੱਚ ਆਦਰਸ਼ਾਂ ਦੀ ਕਾਇਮੀ-ਦਾਇਮੀ ਲਈ ਹੀ ਸਰਫ ਕਰਨੀ ਹੈ ਅਤੇ ਇਹ ਚੰਡਾਲੀ, ਚੰਗੇਜ਼ੀ ਤੇ ਔਰੰਗਜ਼ੇਬੀ ਅੱਤਿਆਚਾਰਾਂ ਲਈ ਵਰਤੀ ਜਾਣੀ ਕਦਾਚਿਤ ਵੀ ਪ੍ਰਵਾਨ ਨਹੀਂ। ਇਸ ਤਰ੍ਹਾਂ ਗੁਰ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਗੁਰਸਿੱਖ, ਸ਼ਮਸ਼ੀਰ ਦਾ ਧਨੀ, ਕਿਰਦਾਰ ਦਾ ਧਨੀ, ਗੁਫਤਾਰ ਦਾ ਧਨੀ ਤੇ ਵਿਹਾਰ ਦਾ ਧਨੀ ਹੋ ਕੇ ਉਭਰਦਾ ਹੈ ਜਿਸ ਦੀ ਜ਼ਿੰਦਗੀ ਦਾ ਮਨੋਰਥ ਮਨੁੱਖੀ ਬਰਾਦਰੀ ਨੂੰ ਇਕ ਦੂਜੇ ਦੇ ਹਿਤਕਾਰੀ ਬਣਾਉਣਾ ਹੈ ਅਤੇ ਪ੍ਰਸਪਰ ਪਿਆਰ ਸਾਂਝ ਪਵਾ ਕੇ ਇਕ ਦੂਜੇ ਦੇ ਨੇੜੇ ਕਰਨਾ ਹੈ।ਇਸ ਲਈ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਵੱਲੋਂ 239 ਸਾਲ ਦੀ ਨਿਰੰਤਰ ਟਰੇਨਿੰਗ ਮਗਰੋਂ ਦੱਸੀ ਜੀਵਨ ਜਾਚ ਕਿਸੇ ਇਕ ਫਿਰਕੇ, ਬਰਾਦਰੀ ਲਈ ਨਹੀਂ ਸਗੋਂ ਸਮੂਹ ਮਖਲੂਕਾਤ ਲਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਇਸ ਮਖਲੂਕਾਤ ਦੀ ਸਰਬਪੱਖੀ ਰਹਿਨੁਮਾਈ ਲਈ 'ਸ਼ਬਦ ਗੁਰੂ' ਦੇ ਰੂਪ ਵਿਚ ਜੁਗੋ ਜੁਗੋ ਅਟੱਲ ਹਨ ਜੋ ਸਰਬੱਤ ਦੇ ਭਲੇ ਲਈ ਸਰਗਰਮ ਰਹਿਣ ਵਿਚ ਸਾਡੀ ਅਗਵਾਈ ਕਰਦੇ ਹਨ। ਸਾਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਸਰਬੱਤ ਦੇ ਭਲੇ ਵਿਚ ਹੀ ਸਾਡਾ ਆਪਣਾ ਭਲਾ ਸੁਰੱਖਿਅਤ ਹੈ ਤੇ ਇਸ ਸਰਬੱਤ ਦੇ ਭਲੇ ਦੀ ਭਾਵਨਾ ਦੀ ਆਧਾਰ ਪੰਗਤੀ ਹੈ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ।।ਅੰਗ-97

**ਸ. ਸਰੂਪ ਸਿੰਘ ਅਲੱਗ**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮

## SCAN HERE

FOR ALL SIKH CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ
'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

ਅਕਾਲ ਸਹਾਇ

# ਖ਼ਾਲਸਾ ਕੈਲੰਡਰ

## ਨਾਨਕਸ਼ਾਹੀ ਸੰਮਤ ੫੫੮ (ਸੰਨ 2026-27)

ਸਰਕਾਰ-ਏ-ਖ਼ਾਲਸਾ



**ਮਾਰਚ-26 ਚੇਤ ਅਪ੍ਰੈਲ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (12 ਅਪ੍ਰੈਲ) | 31 (13 ਅਪ੍ਰੈਲ) | | | | | 1 (14 ਮਾਰਚ) |
| 2 (15 ਮਾਰਚ) | 3 (16 ਮਾਰਚ) | 4 (17 ਮਾਰਚ) | 5 (18 ਮਾਰਚ) | 6 (19 ਮਾਰਚ) | 7 (20 ਮਾਰਚ) | 8 (21 ਮਾਰਚ) |
| 9 (22 ਮਾਰਚ) | 10 (23 ਮਾਰਚ) | 11 (24 ਮਾਰਚ) | 12 (25 ਮਾਰਚ) | 13 (26 ਮਾਰਚ) | 14 (27 ਮਾਰਚ) | 15 (28 ਮਾਰਚ) |
| 16 (29 ਮਾਰਚ) | 17 (30 ਮਾਰਚ) | 18 (31 ਮਾਰਚ) | 19 (1 ਅਪ੍ਰੈਲ) | 20 (2 ਅਪ੍ਰੈਲ) | 21 (3 ਅਪ੍ਰੈਲ) | 22 (4 ਅਪ੍ਰੈਲ) |
| 23 (5 ਅਪ੍ਰੈਲ) | 24 (6 ਅਪ੍ਰੈਲ) | 25 (7 ਅਪ੍ਰੈਲ) | 26 (8 ਅਪ੍ਰੈਲ) | 27 (9 ਅਪ੍ਰੈਲ) | 28 (10 ਅਪ੍ਰੈਲ) | 29 (11 ਅਪ੍ਰੈਲ) |

**ਅਪ੍ਰੈਲ-26 ਵੈਸਾਖ ਮਈ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 (14 ਅਪ੍ਰੈਲ) | 2 (15 ਅਪ੍ਰੈਲ) | 3 (16 ਅਪ੍ਰੈਲ) | 4 (17 ਅਪ੍ਰੈਲ) | 5 (18 ਅਪ੍ਰੈਲ) |
| 6 (19 ਅਪ੍ਰੈਲ) | 7 (20 ਅਪ੍ਰੈਲ) | 8 (21 ਅਪ੍ਰੈਲ) | 9 (22 ਅਪ੍ਰੈਲ) | 10 (23 ਅਪ੍ਰੈਲ) | 11 (24 ਅਪ੍ਰੈਲ) | 12 (25 ਅਪ੍ਰੈਲ) |
| 13 (26 ਅਪ੍ਰੈਲ) | 14 (27 ਅਪ੍ਰੈਲ) | 15 (28 ਅਪ੍ਰੈਲ) | 16 (29 ਅਪ੍ਰੈਲ) | 17 (30 ਅਪ੍ਰੈਲ) | 18 (1 ਮਈ) | 19 (2 ਮਈ) |
| 20 (3 ਮਈ) | 21 (4 ਮਈ) | 22 (5 ਮਈ) | 23 (6 ਮਈ) | 24 (7 ਮਈ) | 25 (8 ਮਈ) | 26 (9 ਮਈ) |
| 27 (10 ਮਈ) | 28 (11 ਮਈ) | 29 (12 ਮਈ) | 30 (13 ਮਈ) | 31 (14 ਮਈ) | | |

**ਮਈ-26 ਜੇਠ ਜੂਨ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 31 (14 ਜੂਨ) | | | | | 1 (15 ਮਈ) | 2 (16 ਮਈ) |
| 3 (17 ਮਈ) | 4 (18 ਮਈ) | 5 (19 ਮਈ) | 6 (20 ਮਈ) | 7 (21 ਮਈ) | 8 (22 ਮਈ) | 9 (23 ਮਈ) |
| 10 (24 ਮਈ) | 11 (25 ਮਈ) | 12 (26 ਮਈ) | 13 (27 ਮਈ) | 14 (28 ਮਈ) | 15 (29 ਮਈ) | 16 (30 ਮਈ) |
| 17 (31 ਮਈ) | 18 (1 ਜੂਨ) | 19 (2 ਜੂਨ) | 20 (3 ਜੂਨ) | 21 (4 ਜੂਨ) | 22 (5 ਜੂਨ) | 23 (6 ਜੂਨ) |
| 24 (7 ਜੂਨ) | 25 (8 ਜੂਨ) | 26 (9 ਜੂਨ) | 27 (10 ਜੂਨ) | 28 (11 ਜੂਨ) | 29 (12 ਜੂਨ) | 30 (13 ਜੂਨ) |

**ਜੂਨ-26 ਹਾੜ ਜੁਲਾਈ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (15 ਜੂਨ) | 2 (16 ਜੂਨ) | 3 (17 ਜੂਨ) | 4 (18 ਜੂਨ) | 5 (19 ਜੂਨ) | 6 (20 ਜੂਨ) |
| 7 (21 ਜੂਨ) | 8 (22 ਜੂਨ) | 9 (23 ਜੂਨ) | 10 (24 ਜੂਨ) | 11 (25 ਜੂਨ) | 12 (26 ਜੂਨ) | 13 (27 ਜੂਨ) |
| 14 (28 ਜੂਨ) | 15 (29 ਜੂਨ) | 16 (30 ਜੂਨ) | 17 (1 ਜੁਲਾਈ) | 18 (2 ਜੁਲਾਈ) | 19 (3 ਜੁਲਾਈ) | 20 (4 ਜੁਲਾਈ) |
| 21 (5 ਜੁਲਾਈ) | 22 (6 ਜੁਲਾਈ) | 23 (7 ਜੁਲਾਈ) | 24 (8 ਜੁਲਾਈ) | 25 (9 ਜੁਲਾਈ) | 26 (10 ਜੁਲਾਈ) | 27 (11 ਜੁਲਾਈ) |
| 28 (12 ਜੁਲਾਈ) | 29 (13 ਜੁਲਾਈ) | 30 (14 ਜੁਲਾਈ) | 31 (15 ਜੁਲਾਈ) | | | |

**ਜੁਲਾਈ-26 ਸਾਵਣ ਅਗਸਤ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 32 (16 ਅਗਸਤ) | | | | 1 (16 ਜੁਲਾਈ) | 2 (17 ਜੁਲਾਈ) | 3 (18 ਜੁਲਾਈ) |
| 4 (19 ਜੁਲਾਈ) | 5 (20 ਜੁਲਾਈ) | 6 (21 ਜੁਲਾਈ) | 7 (22 ਜੁਲਾਈ) | 8 (23 ਜੁਲਾਈ) | 9 (24 ਜੁਲਾਈ) | 10 (25 ਜੁਲਾਈ) |
| 11 (26 ਜੁਲਾਈ) | 12 (27 ਜੁਲਾਈ) | 13 (28 ਜੁਲਾਈ) | 14 (29 ਜੁਲਾਈ) | 15 (30 ਜੁਲਾਈ) | 16 (31 ਜੁਲਾਈ) | 17 (1 ਅਗਸਤ) |
| 18 (2 ਅਗਸਤ) | 19 (3 ਅਗਸਤ) | 20 (4 ਅਗਸਤ) | 21 (5 ਅਗਸਤ) | 22 (6 ਅਗਸਤ) | 23 (7 ਅਗਸਤ) | 24 (8 ਅਗਸਤ) |
| 25 (9 ਅਗਸਤ) | 26 (10 ਅਗਸਤ) | 27 (11 ਅਗਸਤ) | 28 (12 ਅਗਸਤ) | 29 (13 ਅਗਸਤ) | 30 (14 ਅਗਸਤ) | 31 (15 ਅਗਸਤ) |

**ਅਗਸਤ-26 ਭਾਦੋਂ ਸਤੰਬਰ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (17 ਅਗਸਤ) | 2 (18 ਅਗਸਤ) | 3 (19 ਅਗਸਤ) | 4 (20 ਅਗਸਤ) | 5 (21 ਅਗਸਤ) | 6 (22 ਅਗਸਤ) |
| 7 (23 ਅਗਸਤ) | 8 (24 ਅਗਸਤ) | 9 (25 ਅਗਸਤ) | 10 (26 ਅਗਸਤ) | 11 (27 ਅਗਸਤ) | 12 (28 ਅਗਸਤ) | 13 (29 ਅਗਸਤ) |
| 14 (30 ਅਗਸਤ) | 15 (31 ਅਗਸਤ) | 16 (1 ਸਤੰਬਰ) | 17 (2 ਸਤੰਬਰ) | 18 (3 ਸਤੰਬਰ) | 19 (4 ਸਤੰਬਰ) | 20 (5 ਸਤੰਬਰ) |
| 21 (6 ਸਤੰਬਰ) | 22 (7 ਸਤੰਬਰ) | 23 (8 ਸਤੰਬਰ) | 24 (9 ਸਤੰਬਰ) | 25 (10 ਸਤੰਬਰ) | 26 (11 ਸਤੰਬਰ) | 27 (12 ਸਤੰਬਰ) |
| 28 (13 ਸਤੰਬਰ) | 29 (14 ਸਤੰਬਰ) | 30 (15 ਸਤੰਬਰ) | 31 (16 ਸਤੰਬਰ) | | | |

**ਸਤੰਬਰ-26 ਅੱਸੂ ਅਕਤੂਬਰ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 (17 ਸਤੰਬਰ) | 2 (18 ਸਤੰਬਰ) | 3 (19 ਸਤੰਬਰ) |
| 4 (20 ਸਤੰਬਰ) | 5 (21 ਸਤੰਬਰ) | 6 (22 ਸਤੰਬਰ) | 7 (23 ਸਤੰਬਰ) | 8 (24 ਸਤੰਬਰ) | 9 (25 ਸਤੰਬਰ) | 10 (26 ਸਤੰਬਰ) |
| 11 (27 ਸਤੰਬਰ) | 12 (28 ਸਤੰਬਰ) | 13 (29 ਸਤੰਬਰ) | 14 (30 ਸਤੰਬਰ) | 15 (1 ਅਕਤੂਬਰ) | 16 (2 ਅਕਤੂਬਰ) | 17 (3 ਅਕਤੂਬਰ) |
| 18 (4 ਅਕਤੂਬਰ) | 19 (5 ਅਕਤੂਬਰ) | 20 (6 ਅਕਤੂਬਰ) | 21 (7 ਅਕਤੂਬਰ) | 22 (8 ਅਕਤੂਬਰ) | 23 (9 ਅਕਤੂਬਰ) | 24 (10 ਅਕਤੂਬਰ) |
| 25 (11 ਅਕਤੂਬਰ) | 26 (12 ਅਕਤੂਬਰ) | 27 (13 ਅਕਤੂਬਰ) | 28 (14 ਅਕਤੂਬਰ) | 29 (15 ਅਕਤੂਬਰ) | 30 (16 ਅਕਤੂਬਰ) | |

**ਅਕਤੂਬਰ-26 ਕੱਤਕ ਨਵੰਬਰ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (15 ਨਵੰਬਰ) | | | | | | 1 (17 ਅਕਤੂਬਰ) |
| 2 (18 ਅਕਤੂਬਰ) | 3 (19 ਅਕਤੂਬਰ) | 4 (20 ਅਕਤੂਬਰ) | 5 (21 ਅਕਤੂਬਰ) | 6 (22 ਅਕਤੂਬਰ) | 7 (23 ਅਕਤੂਬਰ) | 8 (24 ਅਕਤੂਬਰ) |
| 9 (25 ਅਕਤੂਬਰ) | 10 (26 ਅਕਤੂਬਰ) | 11 (27 ਅਕਤੂਬਰ) | 12 (28 ਅਕਤੂਬਰ) | 13 (29 ਅਕਤੂਬਰ) | 14 (30 ਅਕਤੂਬਰ) | 15 (31 ਅਕਤੂਬਰ) |
| 16 (1 ਨਵੰਬਰ) | 17 (2 ਨਵੰਬਰ) | 18 (3 ਨਵੰਬਰ) | 19 (4 ਨਵੰਬਰ) | 20 (5 ਨਵੰਬਰ) | 21 (6 ਨਵੰਬਰ) | 22 (7 ਨਵੰਬਰ) |
| 23 (8 ਨਵੰਬਰ) | 24 (9 ਨਵੰਬਰ) | 25 (10 ਨਵੰਬਰ) | 26 (11 ਨਵੰਬਰ) | 27 (12 ਨਵੰਬਰ) | 28 (13 ਨਵੰਬਰ) | 29 (14 ਨਵੰਬਰ) |

**ਨਵੰਬਰ-26 ਮੱਘਰ ਦਸੰਬਰ-26**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 (16 ਨਵੰਬਰ) | 2 (17 ਨਵੰਬਰ) | 3 (18 ਨਵੰਬਰ) | 4 (19 ਨਵੰਬਰ) | 5 (20 ਨਵੰਬਰ) | 6 (21 ਨਵੰਬਰ) |
| 7 (22 ਨਵੰਬਰ) | 8 (23 ਨਵੰਬਰ) | 9 (24 ਨਵੰਬਰ) | 10 (25 ਨਵੰਬਰ) | 11 (26 ਨਵੰਬਰ) | 12 (27 ਨਵੰਬਰ) | 13 (28 ਨਵੰਬਰ) |
| 14 (29 ਨਵੰਬਰ) | 15 (30 ਨਵੰਬਰ) | 16 (1 ਦਸੰਬਰ) | 17 (2 ਦਸੰਬਰ) | 18 (3 ਦਸੰਬਰ) | 19 (4 ਦਸੰਬਰ) | 20 (5 ਦਸੰਬਰ) |
| 21 (6 ਦਸੰਬਰ) | 22 (7 ਦਸੰਬਰ) | 23 (8 ਦਸੰਬਰ) | 24 (9 ਦਸੰਬਰ) | 25 (10 ਦਸੰਬਰ) | 26 (11 ਦਸੰਬਰ) | 27 (12 ਦਸੰਬਰ) |
| 28 (13 ਦਸੰਬਰ) | 29 (14 ਦਸੰਬਰ) | 30 (15 ਦਸੰਬਰ) | | | | |

**ਦਸੰਬਰ-26 ਪੋਹ ਜਨਵਰੀ-27**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 (16 ਦਸੰਬਰ) | 2 (17 ਦਸੰਬਰ) | 3 (18 ਦਸੰਬਰ) | 6 (19 ਦਸੰਬਰ) |
| 5 (20 ਦਸੰਬਰ) | 6 (21 ਦਸੰਬਰ) | 7 (22 ਦਸੰਬਰ) | 8 (23 ਦਸੰਬਰ) | 9 (24 ਦਸੰਬਰ) | 10 (25 ਦਸੰਬਰ) | 11 (26 ਦਸੰਬਰ) |
| 12 (27 ਦਸੰਬਰ) | 13 (28 ਦਸੰਬਰ) | 14 (29 ਦਸੰਬਰ) | 15 (30 ਦਸੰਬਰ) | 16 (31 ਦਸੰਬਰ) | 17 (1 ਜਨਵਰੀ) | 18 (2 ਜਨਵਰੀ) |
| 19 (3 ਜਨਵਰੀ) | 20 (4 ਜਨਵਰੀ) | 21 (5 ਜਨਵਰੀ) | 22 (6 ਜਨਵਰੀ) | 23 (7 ਜਨਵਰੀ) | 24 (8 ਜਨਵਰੀ) | 25 (9 ਜਨਵਰੀ) |
| 26 (10 ਜਨਵਰੀ) | 27 (11 ਜਨਵਰੀ) | 28 (12 ਜਨਵਰੀ) | 29 (13 ਜਨਵਰੀ) | | | |

**ਜਨਵਰੀ-27 ਮਾਘ ਫਰਵਰੀ-27**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 (14 ਜਨਵਰੀ) | 2 (15 ਜਨਵਰੀ) | 3 (16 ਜਨਵਰੀ) |
| 4 (17 ਜਨਵਰੀ) | 5 (18 ਜਨਵਰੀ) | 6 (19 ਜਨਵਰੀ) | 7 (20 ਜਨਵਰੀ) | 8 (21 ਜਨਵਰੀ) | 9 (22 ਜਨਵਰੀ) | 10 (23 ਜਨਵਰੀ) |
| 11 (24 ਜਨਵਰੀ) | 12 (25 ਜਨਵਰੀ) | 13 (26 ਜਨਵਰੀ) | 14 (27 ਜਨਵਰੀ) | 15 (28 ਜਨਵਰੀ) | 16 (29 ਜਨਵਰੀ) | 17 (30 ਜਨਵਰੀ) |
| 18 (31 ਜਨਵਰੀ) | 19 (1 ਫਰਵਰੀ) | 20 (2 ਫਰਵਰੀ) | 21 (3 ਫਰਵਰੀ) | 22 (4 ਫਰਵਰੀ) | 23 (5 ਫਰਵਰੀ) | 24 (6 ਫਰਵਰੀ) |
| 25 (7 ਫਰਵਰੀ) | 26 (8 ਫਰਵਰੀ) | 27 (9 ਫਰਵਰੀ) | 28 (10 ਫਰਵਰੀ) | 29 (11 ਫਰਵਰੀ) | 30 (12 ਫਰਵਰੀ) | |

**ਫਰਵਰੀ-27 ਫੱਗਣ ਮਾਰਚ-27**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 (14 ਮਾਰਚ) | | | | | | 1 (13 ਫਰਵਰੀ) |
| 2 (14 ਫਰਵਰੀ) | 3 (15 ਫਰਵਰੀ) | 4 (16 ਫਰਵਰੀ) | 5 (17 ਫਰਵਰੀ) | 6 (18 ਫਰਵਰੀ) | 7 (19 ਫਰਵਰੀ) | 8 (20 ਫਰਵਰੀ) |
| 9 (21 ਫਰਵਰੀ) | 10 (22 ਫਰਵਰੀ) | 11 (23 ਫਰਵਰੀ) | 12 (24 ਫਰਵਰੀ) | 13 (25 ਫਰਵਰੀ) | 14 (26 ਫਰਵਰੀ) | 25 (27 ਫਰਵਰੀ) |
| 16 (28 ਫਰਵਰੀ) | 17 (1 ਮਾਰਚ) | 18 (2 ਮਾਰਚ) | 19 (3 ਮਾਰਚ) | 20 (4 ਮਾਰਚ) | 21 (5 ਮਾਰਚ) | 22 (6 ਮਾਰਚ) |
| 23 (7 ਮਾਰਚ) | 24 (8 ਮਾਰਚ) | 25 (9 ਮਾਰਚ) | 26 (10 ਮਾਰਚ) | 27 (11 ਮਾਰਚ) | 28 (12 ਮਾਰਚ) | 29 (13 ਮਾਰਚ) |

ਸੰਗਰਾਂਦ | ਪੂਰਨਮਾਸੀ | ਮੱਸਿਆ

## ਸਿੱਖ ਕੌਮ ਦੇ ਅਹਿਮ ਦਿਹਾੜੇ

- ਅਰੰਭਤਾ ਸੰਮਤ ਨਾਨਕਸ਼ਾਹੀ ੫੫੮ — ੦੧ ਚੇਤ (14 ਮਾਰਚ)
- ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ — ੦੧ ਚੇਤ (14 ਮਾਰਚ)
- ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ — ੦੨ ਚੇਤ (15 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੦੪ ਚੇਤ (17 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ — ੦੬ ਚੇਤ (19 ਮਾਰਚ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੦੯ ਚੇਤ (22 ਮਾਰਚ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੧੦ ਚੇਤ (23 ਮਾਰਚ)
- ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ ਜੀ — ੧੨ ਚੇਤ (25 ਮਾਰਚ)
- ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੧੯ ਚੇਤ (1 ਅਪ੍ਰੈਲ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੧੯ ਚੇਤ (1 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੨੫ ਚੇਤ (7 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੨੭ ਚੇਤ (9 ਅਪ੍ਰੈਲ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ — ੨੭ ਚੇਤ (9 ਅਪ੍ਰੈਲ)
- ਸਿੱਖ ਦਸਤਾਰ ਦਿਵਸ — ੩੧ ਚੇਤ (13 ਅਪ੍ਰੈਲ)
- ਖ਼ਾਲਸਾ ਸਾਜਨਾ ਦਿਵਸ (ਵੈਸਾਖੀ) — ੦੧ ਵੈਸਾਖ (14 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੦੫ ਵੈਸਾਖ (18 ਅਪ੍ਰੈਲ)
- ਜਨਮ ਦਿਹਾੜਾ ਭਗਤ ਧੰਨਾ ਜੀ — ੦੮ ਵੈਸਾਖ (21 ਅਪ੍ਰੈਲ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ — ੧੭ ਵੈਸਾਖ (30 ਅਪ੍ਰੈਲ)
- ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ — ੨੧ ਵੈਸਾਖ (4 ਮਈ)
- ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ — ੨੨ ਵੈਸਾਖ (5 ਮਈ)
- ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ — ੨੯ ਵੈਸਾਖ (12 ਮਈ)
- ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) — ੦੩ ਜੇਠ (17 ਮਈ)
- ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ — ੦੫ ਜੇਠ (19 ਮਈ)
- ਸ਼ਹੀਦੀ ਸਾਕਾ ਪਾਉਂਟਾ ਸਾਹਿਬ — ੦੮ ਜੇਠ (22 ਮਈ)
- ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ — ੦੫ ਜੇਠ (2 ਜੂਨ)
- ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) — ੨੧ ਜੇਠ (4 ਜੂਨ)
- ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ — ੨੩ ਜੇਠ (6 ਜੂਨ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੨੫ ਜੇਠ (8 ਜੂਨ)
- **ਆਰੰਭਤਾ ਖ਼ਾਲਸਾ ਅਖ਼ਬਾਰ — ੩੦ ਜੇਠ (13 ਜੂਨ, 1886)**
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੦੪ ਹਾੜ (18 ਜੂਨ)
- ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ — ੧੧ ਹਾੜ (25 ਜੂਨ)
- ਬਰਸੀ ਮਹਾਰਾਜਾ ਰਣਜੀਤ ਸਿੰਘ ਜੀ — ੧੫ ਹਾੜ (29 ਜੂਨ)
- ਜਨਮ ਦਿਹਾੜਾ ਭਗਤ ਕਬੀਰ ਜੀ — ੧੫ ਹਾੜ (29 ਜੂਨ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੧੬ ਹਾੜ (30 ਜੂਨ)
- ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ — ੨੧ ਹਾੜ (5 ਜੁਲਾਈ)
- ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ — ੨੫ ਹਾੜ (9 ਜੁਲਾਈ)
- ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ — ੦੧ ਸਾਵਣ (16 ਜੁਲਾਈ)
- ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ — ੦੯ ਸਾਵਣ (24 ਜੁਲਾਈ)
- ਸ਼ਹੀਦੀ ਦਿਹਾੜਾ ਸ. ਊਧਮ ਸਿੰਘ — ੧੬ ਸਾਵਣ (31 ਜੁਲਾਈ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੨੩ ਸਾਵਣ (7 ਅਗਸਤ)
- ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) — ੨੪ ਸਾਵਣ (8 ਅਗਸਤ)
- ੧੯੪੭ ਵਿਚ ਪੰਜਾਬ ਦੀ ਵੰਡ ਸਮੇਂ ਹੋਏ ਕਤਲੇਆਮ ਵਿਚ ਮਾਰੇ ਗਏ ਪੰਜਾਬੀਆਂ ਲਈ ਅਰਦਾਸ ਦਿਹਾੜਾ — ੩੨ ਸਾਵਣ (16 ਅਗਸਤ)
- ਜੋੜ-ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ) — ੧੨ ਭਾਦੋਂ (28 ਅਗਸਤ)
- ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੧੪ ਭਾਦੋਂ (30 ਅਗਸਤ)
- ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੨੭ ਭਾਦੋਂ (12 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੨੮ ਭਾਦੋਂ (13 ਸਤੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੨੯ ਭਾਦੋਂ (14 ਸਤੰਬਰ)
- ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) — ੦੨ ਅੱਸੂ (18 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੦੮ ਅੱਸੂ (24 ਸਤੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) — ੧੦ ਅੱਸੂ (26 ਸਤੰਬਰ)
- ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) — ੧੪ ਅੱਸੂ (30 ਸਤੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ — ੧੫ ਅੱਸੂ (1 ਅਕਤੂਬਰ)
- ਸਿੰਘ ਸਭਾ ਲਹਿਰ ਦਾ ਸਥਾਪਨਾ ਦਿਵਸ — ੧੫ ਅੱਸੂ (1 ਅਕਤੂਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ — ੧੯ ਅੱਸੂ (5 ਅਕਤੂਬਰ)
- ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) — ੨੧-੨੨ ਅੱਸੂ (7-8 ਅਕਤੂਬਰ)
- ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਜੀ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ ਜੀ (ਜਿੰਦਾ) — ੨੩ ਅੱਸੂ (9 ਅਕਤੂਬਰ)
- ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ — ੨੪ ਅੱਸੂ (10 ਅਕਤੂਬਰ)
- ਦਰਬਾਰ ਖ਼ਾਲਸਾ (ਦੁਸਹਿਰਾ) — ੦੪ ਕੱਤਕ (20 ਅਕਤੂਬਰ)
- ਜਨਮ ਦਿਹਾੜਾ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ — ੦੫ ਕੱਤਕ (21 ਅਕਤੂਬਰ)
- ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) — ੦੭ ਕੱਤਕ (23 ਅਕਤੂਬਰ)
- ਅਕਾਲ ਚਲਾਣਾ ਸ. ਜੱਸਾ ਸਿੰਘ ਜੀ ਆਹਲੂਵਾਲੀਆ — ੦੭ ਕੱਤਕ (23 ਅਕਤੂਬਰ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ — ੧੧ ਕੱਤਕ (27 ਅਕਤੂਬਰ)
- ਸਾਕਾ ਪੰਜਾ ਸਾਹਿਬ (ਪਾਕਿਸਤਾਨ) — ੧੪ ਕੱਤਕ (30 ਅਕਤੂਬਰ)
- ਸ਼ਹੀਦੀ ਦਿਹਾੜਾ ਭਾਈ ਬੇਅੰਤ ਸਿੰਘ ਜੀ — ੧੫ ਕੱਤਕ (31 ਅਕਤੂਬਰ)
- ਪੰਜਾਬੀ ਸੂਬਾ ਦਿਵਸ — ੧੬ ਕੱਤਕ (1 ਨਵੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੧੮ ਕੱਤਕ (3 ਨਵੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੧੮ ਕੱਤਕ (3 ਨਵੰਬਰ)
- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ — ੧੮ ਕੱਤਕ (3 ਨਵੰਬਰ)
- ਸਿੱਖ ਨਸਲਕੁਸ਼ੀ ਨਵੰਬਰ 1984 — ੧੬-੧੯ ਕੱਤਕ (੧-੪ ਨਵੰਬਰ)
- ਬੰਦੀ ਛੋੜ ਦਿਵਸ (ਦਿਵਾਲੀ) — ੨੩ ਕੱਤਕ (8 ਨਵੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ — ੨੬ ਕੱਤਕ (11 ਨਵੰਬਰ)
- ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੨੯ ਕੱਤਕ (14 ਨਵੰਬਰ)
- ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ — ੩੦ ਕੱਤਕ (15 ਨਵੰਬਰ)
- ਸ਼ਹੀਦੀ ਦਿਹਾੜਾ ਸ. ਕਰਤਾਰ ਸਿੰਘ ਜੀ ਸਰਾਭਾ — ੦੧ ਮੱਘਰ (16 ਨਵੰਬਰ)
- ਜਨਮ ਦਿਹਾੜਾ ਭਗਤ ਨਾਮਦੇਵ ਜੀ — ੦੫ ਮੱਘਰ (20 ਨਵੰਬਰ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ — ੦੯ ਮੱਘਰ (24 ਨਵੰਬਰ)
- ਅਕਾਲ ਚਲਾਣਾ ਭਾਈ ਮਰਦਾਨਾ ਜੀ — ੧੩ ਮੱਘਰ (28 ਨਵੰਬਰ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ — ੧੫ ਮੱਘਰ (30 ਨਵੰਬਰ)
- ਸ਼ਹੀਦੀ ਦਿਹਾੜਾ ਬਾਬਾ ਗੁਰਬਖ਼ਸ਼ ਸਿੰਘ ਜੀ — ੨੦ ਮੱਘਰ (5 ਦਸੰਬਰ)
- ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੨੭ ਮੱਘਰ (12 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ — ੨੮ ਮੱਘਰ (13 ਦਸੰਬਰ)
- ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੨੯ ਮੱਘਰ (14 ਦਸੰਬਰ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ — ੨੯ ਮੱਘਰ (14 ਦਸੰਬਰ)
- ਸੀਸ ਸਸਕਾਰ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ — ੩੦ ਪੋਹ (18 ਦਸੰਬਰ)
- ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ — ੦੬ ਪੋਹ (21 ਦਸੰਬਰ)
- ਪਰਿਵਾਰ ਵਿਛੋੜਾ ਸਰਸਾ ਨੰਗਲ — ੦੬ ਪੋਹ (22 ਦਸੰਬਰ)
- ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) — ੦੭ ਪੋਹ (22 ਦਸੰਬਰ)
- ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ — ੦੮ ਪੋਹ (23 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ — ੦੯ ਪੋਹ (24 ਦਸੰਬਰ)
- ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ — ੧੩ ਪੋਹ (28 ਦਸੰਬਰ)
- ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ — ੨੨ ਪੋਹ (6 ਜਨਵਰੀ)
- ਨੀਂਹ ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) — ੦੧ ਮਾਘ (14 ਜਨਵਰੀ)
- ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) — ੦੧ ਮਾਘ (14 ਜਨਵਰੀ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ — ੦੨ ਮਾਘ (15 ਜਨਵਰੀ)
- ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) — ੦੭ ਮਾਘ (20 ਜਨਵਰੀ)
- ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ — ੧੪ ਮਾਘ (27 ਜਨਵਰੀ)
- ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) — ੨੭ ਮਾਘ (9 ਫਰਵਰੀ)
- ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਗੁਰੂ ਕਾ ਲਾਹੌਰ) — ੨੯ ਮਾਘ (11 ਫਰਵਰੀ)
- ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ — ੩੦ ਮਾਘ (12 ਫਰਵਰੀ)
- ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ — ੦੭ ਫੱਗਣ (19 ਫਰਵਰੀ)
- ਜਨਮ ਦਿਹਾੜਾ ਭਗਤ ਰਵਿਦਾਸ ਜੀ (੬੫੦ ਸਾਲਾ) — ੦੮ ਫੱਗਣ (20 ਫਰਵਰੀ)
- ਸਾਕਾ ਨਨਕਾਣਾ ਸਾਹਿਬ — ੦੯ ਫੱਗਣ (21 ਫਰਵਰੀ)
- ਜੈਤੋ ਦਾ ਮੋਰਚਾ (ਫ਼ਰੀਦਕੋਟ) — ੦੯ ਫੱਗਣ (21 ਫਰਵਰੀ)

www.khalsaakhbaar.com ਸੰਪਰਕ : +44 7491374913

Fore More Information Scan linktree QR Code

ਪ੍ਰਕਾਸ਼ਕ
ਮੁੱਖ ਸੰਪਾਦਕ : ਖ਼ਾਲਸਾ ਅਖ਼ਬਾਰ

Published by :
TAKHAT TAJ LTD,
Company number 16282266

Our UK Bank Account Details:
Account Holder Name : TAKHAT TAJ LTD,
Account Number:50101915,
Sort Code: 20-08-64